
# ਰੰਗੌ ਰੰਗੀ



ਸਾਜਿਦ ਚੌਧਰੀ

# ਸਫ਼ਰੀ

ਹੋ ਪ੍ਰਦੇਸੀ ਛੋਟਾਂ ਪਾਵੇ, ਨਰਮੀ ਲੋਕ ਜਤਾਵਣ
ਗ਼ਲਤੀ ਭਾਵੇਂ ਜਾਣ ਕੇ ਕਰਦਾ, ਪਏ ਅਣਜਾਣ ਧਿਆਵਣ

ਭਾਵੇਂ ਮੁੜ ਮੁੜ ਰਾਹਾਂ ਪੁਛੇ, ਬੁਰਾ ਨਾ ਕੋਈ ਮੱਨਦਾ
ਰਾਹੀ ਹੋਣ ਦੇ ਫ਼ਾਇਦੇ ਚੁਕੇ, ਲੋਕੀ ਕਰਮ ਕਮਾਵਣ

ਕੱਟ ਇਸ਼ਾਰੇ ਮੋਢੇ ਮਾਰੇ, ਅੱਖਾਂ ਫਾੜ ਕੇ ਵੇਖੇ
ਸੱਫ਼ਰੀ ਉਨੂੰ ਕਹਿ ਕੇ ਸਾਜਿਦ, ਹਰ ਹਾਲ ਪਏ ਭੁਲਾਵਣ

ਮੰਦਾ ਹਾਲ ਜੇ ਵੇਖੇ ਕੋਈ ਜਾਂ ਹੋਵੇ ਬੇ-ਖ਼ਰਚਾ
ਹਿਸੱਬੇ ਹਾਲ ਅਮਦਾਦ ਕਰੇਂਦੇ, ਹਿਮੱਤ ਪਏ ਵਧਾਵਣ

ਸਫ਼ਰ ਸਊਬਤ ਰੋਣੇ ਰੋਵੇ ਅੱਪਣ ਵਤਨ ਉੱਚਿਆਵੇ
ਬਹਿਸ ਮੁਸਾਫ਼ਰ ਨਾਲ ਨਾ ਕਰਦੇ, ਸਿਰ ਅਸਬਾਤ ਹਿਲਾਵਣ

ਜੋ ਕੁਝ ਵੀ ਪ੍ਰਦੇਸ ਤੋਂ ਮਿਲਿਆ, ਚਿੱਟੀ ਚਾਦਰ ਬੱਨ੍ਹਿਆਂ
ਪਾਂਧੀ ਸਫ਼ਰ ਨਾ ਖੋਟਾ ਕਰਦੇ, ਅੱਜ ਆਵਣ ਕਲ ਜਾਵਣ

ਮੌਲਾ ਦੁੱਨੀਆ ਦੇਸ ਨਾ ਮੇਰਾ, ਭੁੱਲ ਚੁਕ ਸੱਭ ਭੁਲਾਵੀਂ
ਹਰ ਨਰਮੀ ਤੇ ਮਾਫ਼ੀ ਵਰਤੀਂ ਜਦ ਸਫ਼ਰੀ ਘਰ ਆਵਣ



# ਰੰਗੋ ਰੰਗੀ

(ਕਾਵਿ ਸੰਗ੍ਰਹਿ)

ਸਾਜਿਦ ਚੌਧਰੀ

ਪੰਜਾਬੀ ਭਾਸ਼ਾ ਅਤੇ ਸਭਿਆਚਾਰ ਵਿਭਾਗ ਲਾਹੌਰ, ਪੰਜਾਬ (ਪਾਕਿਸਤਾਨ)

ਇੰਸਟੀਟਿਊਟ ਆਫ਼ ਪੰਜਾਬੀ ਲੈਂਗੂਏਜ ਐਂਡ ਕਲਚਰ

੨੪ ਅਮੀਰ ਰੋਡ ਬਿਲਾਲ ਗੰਜ ਲਾਹੌਰ, ਪੰਜਾਬ (ਪਾਕਿਸਤਾਨ)

# RANGO RANGI

(Punjabi Poetry)

**By: SAJID CHAUDHRY**
→ sajchaudhry@yahoo.com

**Price:** Pak Rs. 250.00, Us $ 10.00, Europe € 10.00
**First Edition:** March 23rd, 2005
**Code:** IPLAC – 12 (158) / 0025 / 4-5H
**Published By:** ILYAS GHUMMAN
**Chairman:** Institute of Punjabi Language & Culture
24 – Ameer Road, Bilal Gunj, Lahore, PAKISTAN
**Phone:** (0092-333-4358387 & 0092-42-7244969)
**e mail:** ighumman@pol.com.pk

**ਮੁਲ: 250 ਰੁਪਏ**
**ਪਹਿਲੀ ਵਾਰ: 23 ਮਾਰਚ, 2005**
**ਮੁਖ ਮੂਰਤ: ਆਗ਼ਾ ਨਿਸਾਰ**

ਚੇਅਰਮੈਨ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਵਿਭਾਗ ਲਾਹੌਰ ਪੰਜਾਬ ਨੇ ਹਾਜੀ ਹਨੀਫ਼ ਐਂਡ ਸੱਨਜ਼ ਪ੍ਰਿੰਟਰਜ਼, ਮੁੰਨਸ਼ੀ ਬਿਲਡਿੰਗ, ਕੱਚਾ ਰਸ਼ੀਦ ਰੋਡ, ਲਾਹੌਰ ਤੋਂ ਛੱਪਵਾ ਕੇ ਵਰਤਾਈ

ਢੇਰਾਂ ਅਕੀਦਤਾਂ ਨਾਲ

ਆਪਣੇ ਜੱਨਤ ਸਧਾਰੇ ਮਾਪੇ

**ਚੌਧਰੀ ਨਾਦਰ ਖ਼ਾਨ ਗੋਂਦਲ** ਜੀ

ਤੇ

**ਹਾਜਣ ਸਰਦਾਰ ਬੀਬੀ ਗੋਂਦਲ** ਜੀ

ਦੇ ਨਾਂ

## ੭੮੬

ਬਿੱਸਮਿਲੱਾ! ਹਾਂ, ਬਾ ਇੱਸਮੇ ਅੱਲਾ, ਉਹਦੇ ਸ਼ਾਨ ਹਜ਼ਾਰਾਂ
ਲਿਖਤਾਂ ਅਰਜ਼ਾਂ ਨਾਲੇ ਗ਼ਰਜ਼ਾਂ ਉਹਦੇ ਪੇਸ਼ ਗੁਜ਼ਾਰਾਂ

ਉਹਦੀ ਹਮਦ ਬਿਆਨ ਕਰਾਂ, ਮੈਂ ਮੁਕ ਜਾਸਾਂ ਨਾ ਮੁਕਸੀ
ਉਹਦੇ ਸ਼ੌਹ ਦਰਿਆ ਕਰਮ ਥੀਂ ਹਰ ਸੁ ਮੌਜ ਬਹਾਰਾਂ

# ਤਤਕਰਾ

## ਲੇਖ


* ਸਾਜਿਦ ਚੌਧਰੀ ਨਵੇਂ ਸ਼ਊਰ ਦਾ ਨਮਾਇੰਦਾ / ਫ਼ਖ਼ਰ ਜ਼ਮਾਨ 7
* ਮਿਟੀ ਦੀ ਖ਼ੁਸ਼ਬੋ ਵਿਚ ਕਲਮ ਡੋਬ ਕੇ ਲਿਖਣ ਵਾਲਾ ਸ਼ਾਇਰ
ਡਾ. ਅੱਜਮਲ ਨਿਆਜ਼ੀ 8
* ਧਨਕ ਉਸਾਰੀ / ਮੁਹੰਮਦ ਅੱਬਾਸ ਮਿਰਜ਼ਾ 10
* ਆਪਣੀ ਗਲ / ਸਾਜਿਦ ਚੌਧਰੀ 13


## ਸ਼ਾਇਰੀ


1- ਅੱਲਾ ਸੋਹਣਾ 17
2- ਮੇਰਾ ਮਾਣ 19
3- ਪਿਆਰ ਮੁਹੱਬਤਾਂ ਦੇ ਫੁਲ ਵੰਡਾਂ, ਹਾਸੇ ਲੁੱਟਦਾ ਜਾਵਾਂ 21
4- ਮੰਜ਼ਲ 22
5- ਹਿਕ ਉਡੀਕੇ ਸੂਲੀ ਉੱਤੇ, ਸੇਜ ਤੇ ਹਿੱਕ ਸੁਨੇਹੜਾ ਪਾਵੇ 23
6- ਦੋ ਬੈਤ 24
7- ਚਲਦੇ ਦੱਮ ਦੀਆਂ ਦੱਮ ਦੱਮ ਖੇਡਾਂ, ਦੱਮ ਆਵੇ ਤਾਂ ਦੱਸਾਂ 25
8- ਮਾੜੀ ਜਿੰਦੇ ਗੱਡ ਏ ਭਾਰੀ, ਹਿੱਕਾਂ ਦਾ ਟਿੱਲ ਲਾਵਾਂ 26
9- ਕਹਿੰਦੇ ਨੇਂ ਜੋ ਕਹਿਣ ਦਿਓ 27
10- ਜਿਸ ਦੇ ਮਨ ਵਿਚ ਸਮਾਇਆ, ਭੇਤ ਪ੍ਰੀਤ ਦਾ ਜਾਣੇ ਉਹ 29
11- ਮਿੱਟੀ 30
12- ਕੁਰਸੀ 31
13- ਜਿਹੜੇ ਤੱਕੀਆ ਰੱਬ ਤੇ ਰੱਖਦੇ, ਦੀਨ ਦੁਨੀ ਦੇ ਵੇਸ਼ 34
14- ਜੋਖਾਂ ਜੋਗ ਜਵਿਨ ਮਿਲਿਆ 35
15- ਗਲਿਆਰ 36
16- ਲੁੱਟ ਲਓ 37
17- ਲੂੰ ਲੂੰ ਮੇਰਾ ਸੂਈਆਂ ਵਿੰਨ੍ਹੀਆਂ ਫੱਟੜ ਪੋਟੇ ਅਮਬੇ 38
18- ਉਹ ਯਾਦ ਵੀ ਕੇਡ ਸੁਹਾਣੀ ਏ' 39
19- ਵਾਅ ਵਰੋਲੇ ਖ਼ੱਤਰਾ ਬਣਦੇ, ਚੜ੍ਹਦੇ ਉੱਚ ਅੱਸਮਾਨਾਂ 40
20- ਤੈਂ ਬੀਂ ਪਿਆਰ 42
21- ਪੀੜ ਸਮੇ ਦੀ ਕੂੜ ਸਮੱਸਿਆ, ਹਰਫ਼ਾਂ ਤਾਕਤ ਨਾਹੀਂ 43
22- ਦੁਖ ਮੁਸੀਬਤ, ਟੈਨਸ਼ਨ ਝੱਲੀ, ਲੁੱਟ ਨੂੰ ਡੱਕਦੇ ਡੱਕਦੇ 44
23- ਭੁਲ 45
24- ਪਏ ਦਰਦ ਵੰਡਾਏ ਸਾਕਾਂ ਦੇ, ਦੁਖ ਗ਼ੈਰਾਂ ਲਈ ਵੀ ਜਰਦਾ ਰਿਹਾ 47

| | | |
|---|---|---|
| 25- | ਮਾਰ ਮਾਰ ਕੇ ਮੈਂ ਮੁਕ ਚੱਲਿਆਂ, ਮਰਦਾ ਨਹੀਂ ਮਰਦੂਦ | 49 |
| 26- | ਸਾਂਝ | 50 |
| 27- | ਦੀਵਾ ਬਾਲ ਹਵਾ ਦਾ ਰੁਖ਼ ਨਾ ਪੁਛ, ਬੁਝਣ ਵਾਲੇ ਤੇ ਸਾਹ ਨਾਲ ਬੁਝ ਜਾਂਦੇ | 51 |
| 28- | ਨਿਰਦੋਸ਼ | 52 |
| 29- | ਪਿਆਰ ਬਿਨਾਂ ਸਭ ਜਗ ਬੇ ਰੰਗ | 53 |
| 30- | ਵੱਤਨੀ ਅਜ ਸੁਖਾਲਾ ਹੋਇਆ, ਮਿਹਨਤ ਤੋਂ ਕੱਤਰਾਵੇ | 54 |
| 31- | ਕਹਿਕਹੇ ਲਾਂਦਾ ਹੱਸਦਾ ਜਾਂਦਾ, ਹੜ੍ਹ ਹੰਝੂਆਂ ਦੇ ਪੀਤੀ ਜਾਂਦਾ | 55 |
| 32- | ਈਮਾਨ | 56 |
| 33- | ਸਾਬਤ ਕੱਦਮੀ | 58 |
| 34- | ਚੌਕੀਦਾਰ ਵਜਾਵਣ ਤੱਬਲੇ, ਲੁਡੀਆਂ ਪਾਵਣ ਚੋਰ | 59 |
| 35- | ਪੀ. ਸੀ. | 60 |
| 36- | ਹਰ ਇਕ ਦੀ ਨੇਕੀ ਲੋਟਾਈ ਪਰ, ਬੱਦੀਆਂ ਲੌਟਾਣਾ ਭੁਲ ਗਏ ਆਂ | 61 |
| 37- | ਕਤਾ | 62 |
| 38- | ਗੋਰੀ | 63 |
| 39- | ਅੱਖਾਂ ਜਦ ਖੁਲ੍ਹੀਆਂ ਤੇ ਖੁਲ੍ਹੀਆਂ ਈ ਰਹਿ ਗਈਆਂ | 66 |
| 40- | ਮੁੰਝ | 67 |
| 41- | ਦੋ ਸ਼ਿਅਰ | 68 |
| 42- | ਕਾਂਡੋ | 69 |
| 43- | ਗੀਤ | 70 |
| 44- | ਨੂਰਾਂ | 72 |
| 45- | ਸਾਈਂ | 73 |
| 46- | ਬੋਲ ਪੰਜਾਬੀ ਬੋਲ | 75 |
| 47- | ਡਾਲਰ ਦੀਨ ਈਮਾਨ ਬਣਾ ਕੇ, ਕੌਮ ਵਤਨ ਤੇ ਜ਼ਾਤਾਂ ਭੁੱਲੇ | 77 |
| 48- | ਕੌਣ ਹਾਂ ਮੈਂ ਇਹ ਮਾਲਮ ਨਾਹੀਂ, ਕਿਥੋਂ ਟੁਰਨਾ ਕਿਥੇ ਜਾਣਾ | 78 |
| 49- | ਲੱਖ ਵਾਰੀ ਮੈਂ ਬਣਾਂ ਪੁਜਾਰੀ, ਮਨ ਦਾ ਰੋਗ ਨਾ ਜਾਵੇ | 79 |
| 50- | ਖਿੜ ਖਿੜ ਹੱਸੀਆਂ ਜਦ ਵੀ ਕਲੀਆਂ, ਉਹਦੀ ਯਾਦ ਸਤਾਵੇ | 80 |
| 51- | ਜਿਹੜਾ ਖੱਲੜ ਭੁਰ ਲੈਂਦਾ ਏ, ਅੱਖਾਂ ਉਹ ਮਚਕਾਵੇ | 81 |
| 52- | ਰਲ ਮਿਲ ਸਭ ਸਮਝਾਵਣ ਆਈਆਂ ਭਰਜਾਈਆਂ, ਹੱਮਸਾਈਆਂ | 82 |
| 53- | ਜਿਹੜਾ ਸਾਨੂੰ ਚੰਗਾ ਲਗਦਾ, ਅਸੀਂ ਨਾ ਉਹਨੂੰ ਚੰਗਾ ਲੱਗੀਏ | 83 |
| 54- | ਸਫ਼ਰੀ | 84 |
| 56- | ਸਾਲਾਂ ਨਹੀਂ ਅਸੀਂ ਸੱਦੀਆਂ ਚੱਲੇ ਪੈਂਡਾ ਫ਼ੇਰ ਵੀ ਮੁਕਆ ਨਾ | 85 |
| 57- | ਆਪਣੇ ਹੋਣ ਪਾਰਏ ਰੋਗ | 86 |
| 58- | ਸਾਰੀ ਉਮਰਾਂ ਮੰਗੀ ਜਿਹੜੀ ਉਸ ਦੁਆ ਦਾ ਕੀ ਬਣਿਆ | 87 |
| 59- | ਉਡੀਕ | 88 |


## ਸ਼ਾਹਮੁਖੀ ਭਾਗ

# ਸਾਜਿਦ ਚੌਧਰੀ ਨਵੇਂ ਸ਼ਊਰ ਦਾ ਨਮਾਇੰਦਾ

ਪ੍ਰਵਾਸੀਆਂ ਦੀ ਦੁਖਾਂਤ ਇਹ ਹੁੰਦੀ ਏ ਕਿ ਉਹ ਵਤਨ ਬਾਰੇ ਨਾਸਟੈਲਜੀਆ (ਵਿਰਾਗ, ਹੇਰਵਾ) ਵਿਚ ਮੁੱਬਤਲਾ ਰਹਿੰਦੇ ਨੇਂ। ਆਪਣੀ ਜ਼ਮੀਨ ਦੀ ਖਿੱਚ ਉਨ੍ਹਾਂ ਨੂੰ ਇਕ ਮੁਸਲਸਲ ਕਰਬ ਦਾ ਸ਼ਿਕਾਰ ਬਣਾ ਦਿੰਦੀ ਏ। ਤੇ ਫ਼ਿਰ ਉਹ ਧੁੱਖਦੇ,ਜੱਲਦੇ ਬੁੱਝਦੇ ਜੱਜ਼ਬਿਆਂ ਨਾਲ ਆਪਣੀ ਭੋਏਂ ਦੀ ਵਾਸ਼ਨਾ, ਆਪਣੇ ਮੌਸਮ, ਆਪਣੀਆਂ ਫ਼ੱਸਲਾਂ, ਆਪਣੇ ਵਸੇਬ, ਆਪਣੀ ਰਹਿਤਲ ਤੇ ਆਪਣੀਆਂ ਰਵਾਇਤਾਂ ਹਰ ਵੇਲੇ ਯਾਦ ਕਰਦੇ ਰਹਿੰਦੇ ਨੇਂ। ਸਾਜਿਦ ਚੌਧਰੀ ਦੀ ਸ਼ਾਇਰੀ ਵਿਚ ਵੀ ਇਹ ਇੱਹਸਾਸ ਕੁੱਟ ਕੁੱਟ ਕੇ ਭਰਿਆ ਵੇ:

ਡਾਲਰ, ਦੀਨ ਈਮਹਨ ਬਣਾ ਕੇ ਕੌਮ, ਵਤਨ ਤੇ ਜ਼ਾਤਾਂ ਭੁੱਲੇ
ਜਾਣ ਪਛਾਣ ਤੋਂ ਬਣੇ ਬੇਗਾਨੇ, ਵੇਰਵੇ ਦਿਨ ਤੇ ਰਾਤਾਂ ਭੁੱਲੇ

ਸਾਜਿਦ ਚੌਧਰੀ ਦੀ ਡਿੱਕਸ਼ਨ ਸਾਡੇ ਪਿੰਡਾਂ ਦੀ ਸ਼ੱਬਦਾਵਲੀ ਦਾ ਉਘਾ ਨਮੂਨਾ ਏ। ਉਹ ਮੁਹੱਬਤ, ਇਸ਼ਕ, ਵਿਛੋੜੇ ਤੇ ਮਿਲਾਪ ਦੀ ਗਲ ਨਵੇਕਲੇ ਤਰੀਕੇ ਨਾਲ ਕਰਦੇ ਨੇਂ।

ਉਨ੍ਹਾਂ ਦੀ ਸ਼ਾਇਰੀ ਇਸ ਲਹਾਜ਼ ਨਾਲ ਮੁੰਨਫ਼ਰਿਦ ਏ ਕਿ ਉਹ ਫ਼ੋਰਨ ਸਿਹਾਣੀ ਜਾ ਸੱਕਦੀ ਏ ਤੇ ਇਹੋ ਈ ਅੱਛੇ ਸ਼ਾਇਰ ਦੀ ਨਿਸ਼ਾਨੀ ਹੁੰਦੀ ਏ। ਸਾਜਿਦ ਚੌਧਰੀ ਨਵੇਂ ਸ਼ਊਰ ਦਾ ਨਮਾਇੰਦਾ ਵੀ ਏ ਤੇ ਵਿਹੜੇ ਦੀ ਗਲ ਵੀ ਬੜੀ ਸਿਆਣਪ ਤੇ ਫ਼ਨੀ ਚਾਬਕੱਦੱਸਤੀ ਨਾਲ ਕਰਦਾ ਏ। ਇਹ ਸ਼ਿਅਰੀ ਪ੍ਰਾਗਾ "ਰੰਗੋ ਰੰਗੀ" ਪੰਜਾਬੀ ਅਦਬ ਵਿਚ ਕਾਬਲੇ ਕਦਰ ਵਾਧਾ ਏ।

ਫ਼ਖ਼ਰ ਜ਼ਮਾਨ

# ਆਪਣੀ ਮਿੱਟੀ ਦੀ ਖ਼ੁੱਸ਼ਬੋ ਵਿਚ ਕਲਮ ਡੋਬ ਕੇ ਲਿਖਣ ਵਾਲਾ ਸ਼ਾਇਰ

ਸਾਜਿਦ ਚੌਧਰੀ ਪਾਕਿਸਤਾਨ ਵਿਚ ਸੀ ਤੇ ਚੰਗਾ ਭਲਾ ਵੱਡਾ ਬਿਊਰੋਕ੍ਰੇਟ ਸੀ। ਉਹਦੇ ਅੰਦਰ ਕਿੱਧਰੇ ਇਕ ਸ਼ਾਇਰ ਵੀ ਲੁਕਿਆ ਹੋਇਆ ਸੀ। ਪਰ ਉਹਦੀ ਸ਼ਾਇਰੀ ਦਾ ਗੁਣ ਉਸ ਵੇਲੇ ਸਾਹਮਣੇ ਆਇਆ ਜਦੋਂ ਉਹਦੀ ਤਬੀਅਤ ਖ਼ਰਾਬ ਰਹਿਣ ਲਗ ਪਈ। ਜਾਂ ਇੰਝ ਕਹਿ ਲਓ ਕਿ 'ਸਾਜਿਦ' ਨੇ ਬੀਮਾਰੀ ਤੋਂ ਬਚਾਅ ਲਈ ਅਤੇ ਆਪਣੇ ਆਪ ਨੂੰ ਜ਼ਿਹਨੀ ਤੌਰ ਮਸਰੂਫ਼ ਰੱਖਣ ਲਈ ਸ਼ਾਇਰੀ ਸ਼ੁਰੂ ਕੀਤੀ। ਇਕ ਸੱਚਾ ਸ਼ਾਇਰ ਦਰਵੇਸ਼ ਵੀ ਹੁੰਦਾ ਏ, 'ਸਾਜਿਦ' ਲਈ ਵੀ ਅੱਫ਼ਸਰੀ ਆਪਣੇ ਉੱਤੇ ਤਾਰੀ ਰਖਣਾ ਤੇ ਜਾਰੀ ਰਖਣਾ ਏਡਾ ਮੁੰਮਕਨ ਨਾ ਰਿਹਾ ਤੇ ਉਨ੍ਹੇ ਅਸਤੀਫ਼ਾ ਦਿੱਤਾ ਅਤੇ ਅਮਰੀਕਾ ਚਲਾ ਗਿਆ।

ਅਮਰੀਕਾ ਵਿਚ ਤੱਨਹਾਈ ਉਹਦੀ ਸਹੇਲੀ ਬਣੀ ਰਹੀ ਮਗਰ ਉਹ ਜਿਵੇਂ ਵਿਹਲਾ ਸੀ ਤੇ ਔਖਾ ਸੀ। ਇਸ ਲਈ 'ਸਾਜਿਦ' ਨੇ ਆਪਣੇ ਅੰਦਰ ਦੇ ਸ਼ਾਇਰ ਨੂੰ ਪੂਰੀ ਤਰ੍ਹਾਂ ਜਗਾ ਲਿਆ। ਇਹ ਇਕ ਅਜਿਹਾ ਲੱਮਹਾ ਸੀ ਜਦੋਂ ਉਹਨੂੰ ਆਪਣੇ ਹੋਣ ਦਾ ਇੱਹਸਾਸ ਹੋਇਆ। ਸ਼ਾਇਰੀ ਉਸਦੇ ਦੁਖਾਂ ਦਾ ਇਲਾਜ ਬਣ ਗਈ ਤੇ ਉਨ੍ਹੇ ਅਮਰੀਕਾ ਵਿਚ ਪੰਜਾਬੀ ਅਦਬ ਦੀ ਤਰੱਕੀ ਲਈ ਵੀ ਕੰਮ ਸ਼ੁਰੂ ਕੀਤਾ। ਸ਼ਿਕਾਗੋ ਵਿਚ ਆਬਾਦ ਪੰਜਾਬੀ ਕੱਮਯੂਨੇਟੀ ਦੇ ਵਿੱਦਵਾਨਾਂ ਇਕ ਸੰਸਥਾ ਬਣਾਈ ਤੇ ਉਥੇ ਅਦਬੀ ਸਰਗਰਮੀਆਂ ਜ਼ੋਰਾਂ ਨਾਲ ਸ਼ੁਰੂ ਹੋ ਗਈਆਂ। ਇਕ ਮਾਹੌਲ ਬਣਿਆ ਜਿਵੇਂ ਉਨ੍ਹਾਂ ਇਕ ਭਰਪੂਰ ਮੇਲਾ ਜਿਹਾ ਲਾ ਲਿਆ ਹੋਵੇ।

ਇਸ ਦੌਰਾਨ 'ਸਾਜਿਦ' ਨੇ ਆਪਣੇ ਆਪ ਨੂੰ ਗੁੰਮ ਕਰ ਕੇ ਨਵੇਂ ਸਿਰਿਉਂ ਲਭਣ ਦੀ ਕੋਸ਼ਸ ਕੀਤੀ। ਉਨ੍ਹਾਂ ਦੇ ਅੰਦਰ ਦਾ ਸਿਰੜੀ, ਸੱਚਾ ਤੇ ਵੱਡਾ ਆਦਮੀ, ਸ਼ਾਇਰੀ ਤੇ ਅਦਬ ਦੇ ਵਿਕਾਸ ਸਬੰਧੀ ਅਸਾਡੇ ਸਾਹਮਣੇ ਆ ਗਿਆ। 'ਸਾਜਿਦ' ਤਾਂ ਉਹੋ ਹੀ ਹੈ ਪਰ ਇਕ ਨਵੇਂ ਮੱਨਜ਼ਰ ਦੀ ਤਰ੍ਹਾਂ ਹੈ। ਇਸ ਮੱਨਜ਼ਰ ਵਿਚ ਉਸ ਦੇ ਅੰਦਰ ਦੇ ਸਾਰੇ ਮੱਨਜ਼ਰਾਂ ਦੀ ਝਲਕ ਹੈ। ਕੋਈ ਬੇ-ਕਰਾਰੀ ਉਹਦੇ ਵਜੂਦ ਵਿਚ ਮੌਜਜ਼ੱਨ ਹੈ। ਉਹ ਜ਼ਿਹਨੀ ਤੌਰ ਤੇ ਮੱਸਰੂਫ਼ ਤੇ ਹੋ ਗਿਆ ਏ ਪਰ ਉਹਦੀ ਮੱਸਰੂਫ਼ੀਅਤ ਤੇ ਤੱਨਹਾਈ ਵਿਚ ਫ਼ਰਕ ਮਿੱਟ ਗਿਆ ਹੈ। ਸ਼ਾਇਰੀ ਵਿਚ ਉਨ੍ਹੇ ਆਪਣੀ

ਗਲ ਕੀਤੀ ਏ ਤੇ ਆਪਣੇ ਅੰਦਰ ਮੌਜੂਦ ਕਿੱਸੇ ਹੋਰ ਦੀ ਵੀ ਗਲ ਕੀਤੀ ਏ। ਇਹਦੇ ਵਿਚ ਈ ਕਿੱਧਰੇ ਪੰਜਾਬ ਦੇ ਲੋਕਾਂ ਦੀ ਗਲ ਏ ਤੇ ਆਪਣੇ ਆਲ ਦੁਆਲ ਦੇ ਲੋਕਾਂ ਦੀ ਵੀ ਗਲ ਏ।

'ਸਾਜਿਦ' ਨੇ ਆਪਣੇ ਬਦਨ ਦੀ ਮਿੱਟੀ, ਆਪਣੇ ਵਤਨ ਦੀ ਮਿੱਟੀ ਤੇ ਆਪਣੇ ਕੱਦਮਾਂ ਥੱਲੇ ਮੌਜੂਦ ਜ਼ਮੀਨ ਤੇ ਰਹਿਣ ਵਾਲਿਆਂ ਦੀ ਖ਼ੁੱਸ਼ਬੋ ਵਿਚ ਕਲਮ ਡੋਬ ਕੇ ਲਿਖਿਆ ਏ। ਬਦਨ ਦੇ ਅੰਦਰ ਕਿਧਰੇ ਬਾਤਨ ਵੀ ਹੁੰਦਾ ਏ। ਇਸ ਤਰ੍ਹਾਂ ਬਹੁਤ ਸਾਰੀਆਂ ਗੱਲਾਂ ਰਲਾ ਮਿਲਾ ਕੇ ਇਕ ਨਵੀਂ ਗਲ ਬਨਾਣ ਦੀ ਕੋਸ਼ਸ਼ ਸਾਜਿਦ ਚੌਧਰੀ ਨੇ ਕੀਤੀ ਏ।

ਸ਼ਾਇਰ ਕੁਝ ਕੁਝ ਸੂਫ਼ੀ ਵੀ ਹੁੰਦਾ ਏ ਤੇ ਸਾਦਿਜ ਚੌਧਰੀ ਤੇ ਬਹੁਤ ਸਾਰਾ ਸੂਫ਼ੀ ਏ। ਉਨ੍ਹੇ ਇਕ ਦਿਨ ਸ਼ਾਹ ਹੁਸੈਨ ਦੇ ਮੇਲੇ ਵਿਚ ਉਨ੍ਹਾਂ ਦੀ ਕਬਰ ਦੇ ਨੇੜੇ ਆਪਣੀ ਪਹਿਲੀ ਗ਼ਜ਼ਲ ਸੁਣਾਈ ਸੀ। ਮੈਨੂੰ ਲਗਦਾ ਏ ਸ਼ਾਹ ਹੁਸੈਨ ਨੇ ਵੀ ਉਹਨੂੰ ਦਾਦ ਦਿੱਤੀ ਹੋਣੀ ਏ।

ਅਮਰੀਕਾ ਜਾ ਕੇ ਸਾਜਿਦ ਚੌਧਰੀ, ਲਾਹੌਰ ਨੂੰ ਹੋਰ ਜ਼ਿਆਦਾ ਯਾਦ ਕਰਨ ਲਰ ਪਿਆ ਏ। ਉਥੇ ਰਹਿ ਕੇ ਸ਼ਾਇਰੀ ਕਰਦਿਆਂ ਹੋਇਆਂ ਉਨ੍ਹੇ ਆਪਣੇ ਲੱਫ਼ਜ਼ਾਂ ਦੀਆਂ ਅੱਖੀਆਂ ਵਿਚ ਉਹ ਸਾਰਾ ਦਰਦ ਰੱਖ ਦਿੱਤਾ ਏ ਜਿਹੜਾ ਅਮਰੀਕਾ ਜਾ ਵੱਸੇ ਸਾਡੇ ਲੋਕਾਂ ਦਾ ਦਰਦ ਏ ਤੇ ਇਹਦੇ ਵਿਚ ਹਿਜਰ ਤੇ ਹਿੱਜਰਤ ਦੇ ਤਜਰਬੇ ਨੂੰ ਆਪਣੇ ਅੰਦਰ ਇਸ ਤਰ੍ਹਾਂ ਘੋਲਿਆ ਏ ਕਿ ਉਹਦੇ ਇੱਜ਼ਹਾਰ ਵਿਚ ਇਸ ਜੱਜ਼ਬੇ ਦੀ ਇਕਾਈ ਸਾਫ਼ ਨਜ਼ਰ ਆਉਂਦੀ ਏ। ਉਥੇ ਦੀਆਂ ਖ਼ੁੱਸ਼ਹਾਲੀਆਂ ਵਿਚ ਉਹਨੂੰ ਪਾਕਿਸਤਾਨ ਤੇ ਪੰਜਾਬ ਦੇ ਲੋਕਾਂ ਦੀਆਂ ਮੁੱਸ਼ਕਲਾਂ ਬਹੁਤ ਬੇ-ਚੈਨ ਕਰ ਦਿੰਦੀਆਂ ਨੇਂ। ਉਨ੍ਹੇ ਇਨ੍ਹਾਂ ਲੋਕਾਂ ਦੇ ਜੱਜ਼ਬਾਤ ਤੇ ਹਾਲਾਤ ਦੀ ਵੱਧੀਆ ਤਰਜਮਾਨੀ ਕੀਤੀ ਏ। ਆਪਣੇ ਦੇਸ ਦੀ ਮਿੱਟੀ ਦੀਆਂ ਕਈ ਸਿੱਫ਼ਤਾਂ ਉਹਦੇ ਤਖ਼ਿਲੀਕੀ ਯਕੀਨ ਵਿਚ ਤੜਪਦੀਆਂ ਨੇਂ। ਉਹ ਸ਼ਿਕਾਗੋ ਵਿਚ ਜਾ ਵੱਸਿਆ ਏ ਪਰ ਪੰਜਾਬ ਤੇ ਉਹਦੇ ਅੰਦਰ ਵੱਸਦਾ ਏ .... ਸੱਚੀ ਗਲ ਏ, ਏਨੀ ਦੂਰ ਜਾ ਕੇ ਵੀ ਉਹ ਸਾਡੇ ਕਿੰਨਾ ਕਰੀਬ ਏ।

**ਪ੍ਰੋ:ਡਾ. ਮੁਹੰਮਦ ਅੱਜਮਲ ਖ਼ਾਨ ਨਿਅਜ਼ੀ**
ਰੋਜ਼ਵਾਰ "ਨਵਾਏ ਵਕਤ' ਲਾਹੌਰ

# ਧਨਕ ਉਸਾਰੀ

ਸਾਜਿਦ ਚੌਧਰੀ, ਮੇਰੀ ਸਮਝ 'ਚ ਇਹ ਗਲ ਨਹੀਂ ਆਉਂਦੀ ਕਿ 'ਸਾਜਿਦ' ਨੇ ਆਪਣੇ ਨਾਂ ਨਾਲ "ਚੌਧਰੀ" ਦਾ ਲਾਹਕਾ ਕਿਉਂ ਲਾਇਆ ਏ? ਏਡਾ ਬੀਬਾ, ਮਿਲਾਪੜਾ, ਧੀਮਾ ਤੇ ਮੁਹੱਬਤੀ ਬੰਦਾ "ਚੌਧਰੀ" ਤੇ ਕਦੇ ਵੀ ਨਹੀਂ ਹੋ ਸਕਦਾ। ਇਹ ਉਹਦੀ ਖ਼ਾਨਦਾਨੀ ਮਜਬੂਰੀ ਤੇ ਹੋ ਸਕਦੀ ਏ ਕਿ ਉਹ ਚੌਧਰੀ ਅੱਖਵਾਏ, ਪਰ ਨਿਜੀ ਚੋਣ ਨਹੀਂ ਹੋ ਸਕਦੀ। ਉਹਨੂੰ ਮਿਲਿਆਂ ਇਹ ਗਲ ਹੋਰ ਪੱਕੀ ਹੋ ਜਾਂਦੀ ਏ ਤੇ ਜਦੋਂ ਉਹਦਾ ਕਲਾਮ ਪੜ੍ਹੀਏ ਤੇ ਬੰਦਾ ਉਹਦੀਆਂ ਮੁਹੱਬਤਾਂ ਦੀ ਪੀਢੀ ਪਕੜ ਵਿਚ ਇੰਝ ਵੱਲਿਆ ਜਾਂਦਾ ਏ ਜਿਵੇਂ ਕੋਈ ਆਕਟੂਪਸ ਆਪਣੀਆਂ ਛੋਟੀਆਂ ਮੋਟੀਆਂ ਤੇ ਲੰਮੀਆਂ ਬਾਹਾਂ ਨਾਲ ਮੁਕਾਬਲ ਨੂੰ ਘੇਰ ਖਲੋਂਦਾ ਏ। ਉਹਦੀ ਇਹ ਕੁਰਬਤ ਘੱਬਰਾ ਨਹੀਂ ਪਾਂਦੀ, ਸਗੋਂ ਠਰੂ ਠਰੂ ਕਰਦੀ ਹਿਯਾਤੀ ਲਈ ਗਰਮੀ, ਜੋਸ਼ ਅਤੇ ਖ਼ਰੋਸ਼ ਦਾ ਸਬੱਬ ਬਣਦੀ ਏ। ਇਹਦੇ ਕਾਰਨ ਅੰਦਰੋਂ ਪਿਆਰ ਹੱਮਦਰਦੀ ਅਤੇ ਦਰਦ-ਮੰਦਾਨਾ ਇੱਹਸਾਸਾਤ ਦੇ ਅਣ-ਗਿਣਤ ਸੋਮੇ ਫੁੱਟ ਪੈਂਦੇ ਲੇਂ। ਇਹੋ ਈ 'ਸਾਜਿਦ' ਦੀ ਸ਼ਾਇਰੀ ਦਾ ਨੀਂਹ ਪੱਥਰ ਏ।

'ਸਾਜਿਦ' ਨੇ ਬੇ-ਸ਼ਕ ਕੁਝ ਚਿਰ ਤੋਂ ਸ਼ਿਕਾਗੋ ਡੇਰਾ ਲਾਇਆ ਏ ਪਰ ਉਹ ਤੇ ਏਥੇ ਕਿਤੇ ਹੀ ਵੱਸਦਾ ਏ। ਉਹਦੀ ਜੁੜਤ ਆਪਣੇ ਵਤਨ ਦੀ ਮਿੱਟੀ ਨਾਲ ਅੱਜ਼ਲੀ ਤੇ ਅੱਬਦੀ ਏ। ਏਥੋਂ ਦੀਆਂ ਹਵਾਵਾਂ, ਫ਼ਜ਼ਾਵਾਂ,ਦਿਨ ਤੇ ਰਾਤਾਂ, ਏਥੋਂ ਤੀਕ ਕਿ ਏਥੋਂ ਦੀਆਂ ਸਮਾਜਕ ਖ਼ਰਾਬੀਆਂ ਤੇ ਔਕੜਾਂ ਦਾ ਇੱਹਸਾਸ ਉਹਨੂੰ ਧਰਤੀ ਦੀ ਹੋਰ ਨੇੜਤਾ ਦਿੰਦਾ ਏ। ਏਸੇ ਲਈ ਤੇ ਪੁਠੇ ਕੰਮ ਉਸ ਤੋਂ ਜਰ ਨਹੀਂ ਹੁੰਦੇ। ਬੇ-ਸ਼ਕ ਉਹ ਕਦੇ ਕਦਾਰ ਬਹੁਤਾ Blunt ਹੋ ਜਾਂਦਾ ਏ, ਪਰ ਤੁਸੀ ਟੀਕਾ ਲਾਉਂਦੇ ਡਾਕਟਰ ਨੂੰ ਜ਼ਾਲਮ ਨਹੀਂ ਆਖ ਸੱਕਦੇ। ਉਹ ਪਾਕਿਸਤਾਨੀ ਸਮਾਜ ਦੀਆਂ ਬੁਰਾਈਆਂ ਤੋਂ ਅੱਖਾਂ ਨਹੀਂ ਬੰਦ ਕਰ ਸਕਦਾ ਤੇ ਉਹਦਾ ਪਾਠਕ ਉਹਦੇ ਕੋਲੋਂ ਇਹ ਮੁਤਾਲਬਾ ਵੀ ਨਾ ਕਰੇ ਤੇ ਚੰਗਾ ਏ। ਸਾਡੇ ਪਿੰਡਾਂ ਦੇ ਕਲਚਰ 'ਚ ਕੀ ਨਹੀਂ? ਰੱਬੀ ਪਛਾਣ ਲਈ ਚੜ੍ਹਦੇ ਡੁੱਬਦੇ ਸੂਰਜ ਦਾ ਸੁਹਜ ਸੁਹੱਪਣ, ਹਰੀਆਂ ਕਚੂਰ ਫ਼ੱਸਲਾਂ ਦੇ ਰੰਗ ਬਦਲਦੇ ਚੋਲੇ, ਗੱਦਰਾਈ ਰੁੱਤ ਸੰਗ ਪੱਕਦਿਆਂ ਖੇਤਾਂ ਦਾ ਸੁਨਹਿਰਾ ਰੂਪ ਸਰੂਪ ਤੇ ਅਨੂਪ:

ਆਪਣੀ ਮਿੱਟੀ ਪਿਆਰੀ ਮੈਨੂੰ ਚੁੰਮਾਂ ਚਾਮਲ ਚਾਈਂ
ਲੋਕੀ ਵੇਚ ਕੇ ਸੋਨਾ ਪਾਵਣ, ਮੇਰਾ ਏ ਲੱਗ ਮਿੱਟੀ

ਇਸ ਮਾਂ ਦੇ ਵੰਡੀਂਦੇ ਭੰਡਾਰ 'ਚੋਂ ਉਹਦੀ ਛਾਤੀ ਤੇ ਸਾਹ ਲੈਂਦੇ ਹਰ ਵਸਨੀਕ ਦੀਆਂ ਝੋਲੀਆਂ ਭਰਨ ਲਈ, ਹਰ ਹਰ ਸੁਗ਼ਾਤ ਮੌਜੂਦ ਏ, ਜਿਹਨੂੰ ਜ਼ਾਤੀ ਲੋਭ, ਅੱਖ ਦੀ ਭੁੱਖ ਤੇ ਸਿਰਫ਼ ਆਪਣੀ ਜ਼ਾਤ ਦੀ ਪੂਜਾ ਦੀ ਹੱਵਸ ਨੇ ਤੱਬਕਾਤੀ ਤਕਸੀਮ ਰਾਹੀਂ, ਸਿਰਫ਼ ਚੌਧਰੀਆਂ ਲਈ ਗਿਣ ਮਿੱਥ ਛੱਡਿਆ ਏ। 'ਸਾਜਿਦ' ਆਪਣੇ ਆਪ ਨੂੰ ਧੋਖਾ ਦਿੰਦਾ ਭਾਵੇਂ ਇਹ ਕਹਿੰਦਾ ਈ ਸਹੀ ਕਿ ਇਹ ਤੇ ਰੱਬੀ ਵੰਡ ਏ। ਪਰ ਦੂਜੇ ਮਿੱਸਰੇ ਵਿਚ ਉਹ ਪੂਰਾ ਚਾਨਣਾ ਕਰ ਦਿੰਦਾ ਏ:

ਰੋਜ਼ੀ ਵਿਚ ਫ਼ਰਾਖ਼ੀ ਤੰਗੀ, ਲੇਖਾਂ ਲਿਖੀਆਂ ਵੰਡਾਂ
ਭੁੱਖਾ ਢਿੱਡ ਤੇ ਭਰ ਜਾਂਦਾ ਏ, ਭੁੱਖੀ ਅੱਖ ਨਾ ਭਰਦੀ

ਚੰਗੇ ਦਿਨ ਆਉਣ ਦੀ ਸੱਧਰ ਉਹਨੂੰ ਹੱਸ਼ਕਾਰਦੀ ਏ ਕਿ ਉਹ ਮਨ ਖੋਟਾ ਨਾ ਕਰੇ। ਇਹੋ ਜੱਜ਼ਬੇ ਉਹਨੂੰ ਬੰਦੇ ਨਾਲ ਨਹੀਂ, ਬੰਦੇ ਦੀਆਂ ਖ਼ਤਾਵਾਂ ਤੇ ਬੁਰਾਈਆਂ ਨਾਲ ਦੋ ਦੋ ਹੱਥ ਕਰਨ ਦੀ ਉਸ਼ਕਲ ਦਿੰਦੇ ਨੇਂ। ਉਹ ਆਪ ਵੀ ਇਕ ਮਿਹਨਤੀ ਬਿਓਰੋਕ੍ਰੇਟ ਏ ਤੇ ਦੂਜਿਆਂ ਕੋਲੋਂ ਵੀ ਖ਼ੂਨ ਪਸੀਨਾ ਇਕ ਕਰਨ ਦੀ ਮੰਗ ਕਰਦਾ ਏ:

ਬੰਜਰ ਧਰਤੀ ਤਾਂ ਫਲ ਚਾਵੇ, ਮੁੜ੍ਹਕੇ ਨਾਲ ਰੰਨਵਾਈਏ
ਦੂਹਰੇ ਤਿੱਹਰੇ ਸੀਂ ਸੁਹਾਗੇ, ਗੋਡੀ ਕਹੀਆਂ, ਰੰਬੇ

'ਸਾਜਿਦ' ਨੇ ਅਮਰੀਕੀ ਸੁਸਇਟੀ ਨੂੰ ਖੁਲ੍ਹੀ ਅੱਖ ਨਾਲ ਵੇਖਿਆ ਹੇ। ਚਨਾਂਚਿ ਉਹਦੀਆਂ ਨੱਜ਼ਮਾਂ "ਕਾਂਡੋ" ਤੇ "ਗੋਰੀ" ਉਹਦੀ ਇਕ ਅਜਿਹੀ ਝੱਲਕਾਰ ਨੇਂ ਜਿਹੜੀ ਲੋਅ ਲਾ ਦਿੰਦੀਆਂ ਨੇਂ। ਗੋਰੀ ਵਾਲਾ ਨਜ਼ਾਰਾ ਤੇ ਮੈਂ ਵੀ ਇੰਗਲੈਂਡ ਵਿਚ ਕੀਤਾ। ਮੈਂ ਤੇ ਮੇਰੇ ਇਕ ਮਿਹਰਬਾਨ ਅਮੀਨ ਚੌਧਰੀ (ਇਤੱਫ਼ਾਕ ਨਾਲ ਇਹ ਵੀ ਨਾਂ ਦੇ ਈ ਚੌਧਰੀ ਨੇਂ, ਬੜੇ ਮਿੱਠੇ ਬੰਦੇ ਨੇ) ਮੇਕਡੌਨਲਡ' ਤੋਂ ਫ਼ਾਸਟ ਫ਼ੂਡ ਲੈ ਕੇ ਸਾਹਮਣੇ ਬੈਠੇ ਖਾ ਰਹੇ ਸਾਂ। ਮੈਂ ਟਿੱਸ਼ੂ ਪੇਪਰ ਲੈਣ ਲਈ ਇਕ ਪਾਸੇ ਵੱਧਿਆ। ਸਾਹਮਣੇ ਇਕ ਮਜੱਸਮ ਹੂਰ ਖਲੋਤੀ ਸੀ। ਮੱਸਾਂ ਟਿੱਸ਼ੂ ਲਏ ਤੇ ਮੈਂ ਆਪਣੀ ਮੇਜ਼ ਵਲ ਪਰਤਿਆ। ਜਦੋਂ ਮੇਰੀ ਤਾਇਰਾਨਾ ਨਜ਼ਰ ਉਧਰ ਮੁੜ ਕੇ ਪਈ ਤੇ ਉਹਦੇ ਹੱਥ ਵਿਚ ਸਫ਼ਾਈ ਦਾ ਸਾਮਾਨ ਸੀ ਤੇ ਉਹ ਟਿੱਸ਼ੂ ਪੇਪਰ, ਡੱਬੇ ਤੇ ਕਾਗ਼ਜ਼ ਵਗ਼ੈਰਾ ਸਾਂਭ ਰਹੀ ਸੀ। (ਅਸੀਂ ਤੇ ਨਾਂ ਦਾ ਈ ਕਹਿੰਦੇ ਹਾਂ ਕਿ "ਕਿਰਤੀ ਲੋਕ ਰੱਬ ਦੇ ਮਿੱਤਰ ਹੁੰਦੇ ਹਨ")

ਮੈਨੂੰ ਉਹਦੀ ਨਜ਼ਮ "ਸ਼ੱਫ਼ਰੀ" ਬੜੀ ਚੰਗੀ ਲੱਗੀ। ਇਹ ਤੇ ਮੇਰੇ ਲਈ ਵੀ ਜ਼ਾਦੇ-ਰਾਹ ਏ। ਅੱਲਾ 'ਸਾਜਿਦ' ਨੂੰ ਖ਼ੁੱਸ਼ ਰੱਖੇ। ਮਾਫ਼ੀ ਦਵਾਣ

ਲਈ ਇਕ ਨਵੀਂ ਗੱਲ ਸਾਡੇ ਹੱਥੀਂ ਦੇ ਦਿੱਤੀ ਸੂ। ਹੁਣ ਉਹਦੇ ਕੁਝ ਸ਼ਿਅਰ ਬਗ਼ੈਰ ਕਿਸੇ ਵੇਰਵੇ ਦੇ ਸੁਣੋ:

ਮਨ ਮਰਿਆ ਰੰਗ ਫਿੱਕੇ ਹੋਏ, ਰੂਹ ਨੂੰ ਬੁੱਤ ਬੇਗਾਨਾ ਲਗਦਾ
ਸੂਲ ਦੀ ਸਈ, ਦੁਖ ਦੇ ਧਾਗੇ, ਖਲ ਦੀ ਕੱਫ਼ਨੀ ਸੀਤੀ ਜਾਂਦਾ

♥

ਕੀਤੀ ਦੀ ਸੱਭ ਮਾਫ਼ੀ ਮੰਗਦੇ, ਨਾ ਕੀਤੀ ਦੀ ਮੰਗ
ਜਦ ਲਗ ਸੋਹਣਾ ਰਾਜ਼ੀ ਨਾਹੀਂ, ਕਿਹੜਾ ਖ਼ੈਰ ਅੰਦੇਸ਼

♥

ਕੌਣ ਹਾਂ ਮੈਂ ਇਹ ਮਾਲਮ ਨਾਹੀਂ, ਕਿਥੋਂ ਟੁਰਨਾ ਕਿਥੇ ਜਾਣਾ
ਵਾਂਗ ਪੰਡੀਰੀ ਮੁੰਜ ਦਾ ਬੂਟਾ, ਕਿਥੋਂ ਪੁਟਣਾ, ਕਿਥੇ ਲਾਣਾ

♥

ਮੌਲਾ ਦੁੱਨੀਆ ਦੇਸ ਨਾ ਮੇਰਾ, ਭੁੱਲ ਚੁਕ ਸਭ ਭੁਲਾਵੀਂ
ਹਰ ਨਰਮੀ ਤੇ ਮਾਫ਼ੀ ਵਰਤੀਂ ਜਦ ਸਫਰੀ ਘਰ ਆਵਣ

♥

ਮੈਂ ਵੀ ਵਾਹ ਵਾਹ ਕਰਦਾ ਜਾਵਾਂ, ਪਿਆ ਵਜਾਵਾਂ ਤਾੜੀ
ਆਪ ਤੇ ਮੈਨੂੰ ਸਮਝ ਨਾ ਆਵੇ, ਹੋਰਾਂ ਨੂੰ ਸਮਝਾਨਾਂ

♥

ਸੱਭ ਨੂੰ ਝੋਲੀਆਂ ਭਰ ਭਰ ਵੰਡੇ, ਪਰ ਪੈਰਾਂ ਵਿਚ ਵੇਖੇ ਨਾ
ਟੁੱਟ ਗਿਆ ਜਿਸ ਦਾ ਠੂਠਾ ਖ਼ਾਲੀ, ਉਸ ਗਦਾ ਦਾ ਕੀ ਬਣਿਆ

♥

ਖ਼ਾਲੀ ਕੰਧਾਂ ਨੂੰ ਟੱਕਰ ਕੇ ਆਪੇ ਆਪਣੀ ਗੂੰਜ ਬਣੀ
ਕਿਸੇ ਵੀ ਕੱਨ ਤਕ ਜੋ ਨਾ ਪਹੁੰਚੀ,ਉਸ ਸਦਾ ਦਾ ਕੀ ਬਣਿਆ

**ਮੁਹੰਮਦ ਅੱਬਾਸ ਮਿਰਜ਼ਾ**

121 - ਮਦੀਨਾ ਬਲਾਕ, ਅਵਾਨ ਟਾਊਨ,ਲਾਹੌਰ

# ਆਪਣੀ ਗਲ

ਸਾਲ ੧੯੯੮ ਰੱਮਜ਼ਾਨੁਲ-ਮੁਬਾਰਕ ਦੇ ਮਹੀਨੇ ਵਿਚ ਮੈਂ ਸਿੱਹਰੀ ਤੋਂ ਬਾਅਦ ਲੇਟ ਗਿਆ ਤਾਂ ਖ਼ਾਬ ਵਿਚ ਬਾਬਾ ਫ਼ਰੀਦ ਗੰਜ ਸ਼ੱਕਰ ਜੀ ਦੇ ਮਜ਼ਾਰ ਤੇ ਇਕ ਮਲੰਗ ਨੂੰ ਇੱਕਤਾਰੇ ਤੇ ਕੁਝ ਕਲਾਮ ਗਾਂਦੇ ਸੁਣਿਆ। ਜਦੋਂ ਮੈਂ ਜਾਗਿਆ ਤੇ ਉਹ ਸ਼ਿਅਰ ਜਿਸ ਤਰ੍ਹਾਂ ਮੈਨੂੰ ਯਾਦ ਸੀ, ਮੈਂ ਉਹਨੂੰ ਲਿਖ ਲਿੱਤਾ। ਲੁਤਫ਼ ਦੀ ਗਲ ਇਹ ਵੇ ਕਿ ਉਹ ਸ਼ਿਅਰ ਉਰਦੂ ਵਿਚ ਸੀ ਤੇ ਪੰਜਾਬੀ ਦੇ ਇਕ ਸੂਫ਼ੀ ਸ਼ਾਇਰ ਦੇ ਮਜ਼ਾਰ ਤੇ ਪੜ੍ਹਿਆ ਜਾ ਰਿਹਾ ਸੀ। ਖ਼ੋਰੇ ਉਹਦੀ ਵਜ੍ਹਾ ਇਹ ਵੀ ਹੋਵੇ ਕਿ ਉਦੋਂ ਪੰਜਾਬੀ ਵੀ ਮੈਨੂੰ ਉਰਦੂ ਵਿਚ ਈ ਸੁਣਾਈ ਦਿੰਦੀ ਸੀ। ਖ਼ੈਰ ਹੁਣ ਤੁਸੀਂ ਉਹ ਸ਼ਿਅਰ ਮਲਾਹਜ਼ਾ ਕਰੋ:-

ਦੇਖਾ ਜੋ ਸੂਏ ਯਾਰ ਤੋ ਦੁਨੀਆ ਬਦਲ ਗਈ
ਉੱਠਤੀ ਨਹੀਂ ਨਜ਼ਰ ਤੋ ਮੇਰੀ ਇਕ ਨਿਗਾਹ ਕੇ ਬਾਅਦ

ਕੁਝ ਅਰਸਾ ਮੈਂ ਇਹ ਸ਼ਿਅਰ ਆਪਣੇ ਆਪ ਨੂੰ ਸੁਣਾਂਦਾ ਰਿਹਾ ਤੇ ਉਹਦੇ ਬਾਰੇ ਸੋਚ ਵਿਚਾਰ ਕਰਦਾ ਰਿਹਾ। ਫ਼ੇਰ ਰੱਬ ਵਲੋਂ ਕੁਝ ਇਸ ਤਰ੍ਹਾਂ ਹੋਇਆ ਕਿ ਉਹ ਟੈਨਸ਼ਨ ਜਿਸ ਦਾ ਮੈਂ ਇਕ ਅਰਸੇ ਤੋਂ ਮੁਕਾਬਲਾ ਕਰਦਾ ਆ ਰਿਹਾ ਸਾਂ ਵਕਤੀ ਤੌਰ ਤੇ ਗ਼ਾਲਿਬ ਆ ਗਈ ਤੇ ਬੀਮਾਰੀ ਨੇ ਹੱਮਲਾ ਕਰ ਦਿੱਤਾ। ਇਹ ਕੋਈ ਨਵੀਂ ਗਲ ਨਹੀਂ ਸੀ। ਜਿਹੜੇ ਵੀ ਪੱਤਰ ਸੀਵਰਜ ਦੇ ਪਾਣੀ ਰਾਹੀਂ ਮਿਲੀ ਚਾਸ਼ਨੀ ਨੂੰ ਕਬੂਲ ਨਹੀਂ ਕਰਦੇ ਉਹ ਦੂਜਿਆਂ ਕੋਲੋਂ ਕੰਮਜ਼ੋਰ ਰਹਿ ਜਾਂਦੇ ਨੇਂ ਤੇ ਡਾਲੀਆਂ ਤੋਂ ਡਿੱਗ ਪੈਂਦਨ ਤੇ ਉਸੇ ਰੁਖ ਦਿਆਂ ਪੈਰਾਂ ਵਿਚ ਮੁਕ ਮੁਕਾ ਜਾਂਦਨ। ਜਾਂ ਫ਼ਿਰ ਕਦੇ ਕਦੇ ਵਾਅ ਕਿਸੇ ਪੱਤਰ ਨੂੰ ਉਡਾ ਕੇ ਦੂਰ ਵੀ ਲੈ ਜਾਂਦੀ ਏ।

ਖ਼ੈਰ ਗਲ ਸ਼ਾਇਰੀ ਦੀ ਹੋ ਰਹੀ ਸੀ ਤੇ ਏਸੇ ਦੌਰਾਨ ਵਿਚ ਸਾਲ ੧੯੯੯ ਆ ਗਿਆ। ਮਲਿਕ ਅਮੀਨ ਆਪਣੀ ਸ਼ਾਇਰੀ ਦੀ ਕਿਤਾਬ ਦੀ ਮੁਖ ਵਖਾਲੀ ਲਈ ਲੰਦਨ ਤੋਂ ਲਾਹੌਰ ਵਾਰਦ ਹੋਏ ਤੇ ਮੇਰੀ ਖ਼ੈਰੀਅਤ ਪੁੱਛਣ ਲਈ ਤੱਸ਼ਰੀਫ਼ ਲਿਆਏ। ਮਲਿਕ ਜੀ ਨਾਲ ਸਾਡਾ ਤੁਅੱਲਕ ਬੜਾ ਪੁਰਾਣਾ ਏ। ਖ਼ੈਰ ਜਿਸ ਤਰ੍ਹਾਂ ਉਨ੍ਹਾਂ ਨੇ "ਮੀਟੀ" ਰਸਾਲੇ ਵਿਚ ਛਪੇ ਇਕ ਕਾਲਮ ਵਿਚ ਵੀ ਜ਼ਿਕਰ ਕੀਤੇ, ਉਨ੍ਹਾਂ ਨੇ ਮੈਨੂੰ ਲਿਖਣ ਵਲ ਧਿਆਨ

ਲਗਾਣ ਦਾ ਮੱਸ਼ਵਰਾ ਦਿੱਤਾ ਤੇ ਇਹ ਸਲਾਹ ਮੈਨੂੰ ਚੰਗੀ ਲੱਗੀ। ਜਦੋਂ ਇਸ ਪਾਸੇ ਖ਼ਿਆਲ ਕੀਤਾ ਤੇ ਪਹਿਲੀ ਗ਼ਜ਼ਲ:

ਚਲਦੇ ਦੱਮ ਦੀਆਂ ਦੱਮ ਦੱਮ ਖੇੜਾਂ, ਦੱਮ ਆਵੇ ਤਾਂ ਦੱਸਾਂ
ਬਿਨ ਰਾਂਝਣ ਯਾਰ ਮੈਂ ਪਰਮ ਕੰਵਾਰੀ, ਬੇ-ਦੱਮ ਕਿਉਂਕਰ ਵੱਸਾਂ

ਲਿਖੀ ਗਈ। ਅੱਗਲੇ ਈ ਦਿਹਾੜੇ ਮੇਲਾ ਚਰਾਗ਼ਾਂ (ਸ਼ਾਹ ਹੁਸੈਨ ਦੇ ਲਾਹੌਰ ਸਥਿੱਤ ਦਰਬਾਰ ਤੇ ਲੱਗਣ ਵਾਲਾ ਮੇਲਾ) ਦੇ ਕਵੀ ਦਰਬਾਰ ਵਿਚ ਪੜ੍ਹਨ ਦਾ ਸੱਦਾ ਆ ਗਿਆ ਤੇ ਫ਼ਿਰ ਇਕ ਹੋਰ ਗ਼ਜ਼ਲ ਲਿਖੀ ਗਈ। ਮੁਸ਼ਾਇਰੇ ਵਿਚ ਮੇਰੀ ਗ਼ਜ਼ਲ ਪਸੰਦ ਕੀਤੀ ਗਈ ਤੇ ਹੌਸਲਾ ਵੱਧ ਗਿਆ। ਸੁਸ਼ਾਇਰੇ ਤੋਂ ਬਾਅਦ ਸ਼ਾਇਰਾਂ ਦੀ ਦੱਸਤਾਰ ਬੰਦੀ ਕੀਤੀ ਗਈ ਤੇ ਇਸ ਤਰ੍ਹਾਂ ਚੰਦ ਹੀ ਦਿਨਾਂ ਵਿਚ ਮਾਂ ਬੋਲੀ ਨੇ ਮੇਰੇ ਸਿਰ ਤੇ ਪਿਆਰ ਦੀ ਪੱਗ ਸਜਾ ਦਿੱਤੀ।

ਫ਼ਿਰ ਉਸੇ ਸਾਲ ਦੇ ਆਖ਼ਰ ਵਿਚ ਇਲਾਜ ਦੀ ਖ਼ਾਤਰ ਮੁਲਕ ਤੋਂ ਬਾਹਰ ਜਾਣ ਦਾ ਔਖਾ ਫ਼ੈਸਲਾ ਕਰਨਾ ਪਿਆ। ਪ੍ਰਦੇਸ ਵਿਚ ਵੀ ਮੈਂ ਆਪਣੀ ਬੋਲੀ ਨਾਲ ਨਾਤਾ ਕਾਇਮ ਰੱਖਿਆ ਤੇ ਗਾਹੇ ਗਾਹੇ ਲਿਖਦਾ ਰਿਹਾ। ਜਿਸ ਦਾ ਨਤੀਜਾ ਅੱਜ ਹੱਥਲੀ ਕਿਤਾਬ ਦੀ ਸ਼ਕਲ ਵਿਚ ਤੁਹਾਡੇ ਸਾਹਮਣੇ ਹੈ। ਇਸ ਕਿਤਾਬ ਦੀ ਇਕ ਖ਼ਾਸ ਗਲ ਇਹ ਹੈ ਕਿ ਪਾਕਿਸਤਾਨ ਤੇ ਅੱਮਰੀਕਾ ਵਿਚ ਮੁਖ਼ਤਲਿਫ਼ ਵੱਕਤਾਂ ਵਿਚ ਲਿਖਿਆ ਗਿਆ ਕਲਾਮ ਇਹਦੇ ਵਿਚ ਸ਼ਾਮਿਲ ਹੈ ਅਤੇ ਤੁਸੀਂ ਵੱਖਰ ਵੱਖਰੇ ਕਲਚਰ ਤੇ ਮਾਹੌਲ ਦੇ ਭਰਵੇਂ ਰੰਗ ਵੇਖੋ ਗੇ। ਦੂਜੀ ਗਲ ਇਹ ਹੈ ਕਿ ਪਾਕਿਸਤਾਨ ਵਿਚ ਰਹਿੰਦੇ ਹੋਇਆਂ ਮੈਨੂੰ ਸਾਰੇ ਸੂਬਿਆਂ ਦੇ ਬਹੁਤ ਸਾਰੇ ਸ਼ਹਿਰਾਂ ਤੇ ਪਿੰਡਾਂ ਵਿਚ ਜਾਣ ਦਾ ਮੌਕਾ ਮਿਲਿਆ ਤੇ ਉਥੇ ਦੀ ਰਹਿਤਲ ਵੇਖੀ। ਮੁਲਾਜ਼ਮਤ ਦੇ ਦੌਰਾਨ ਵਿਚ ਬਹੁਤ ਸਾਰੀਆਂ ਇਖ਼ਲਾਕੀ ਅਤੇ ਸਮਾਜੀ ਖ਼ਰਾਬੀਆਂ ਨੂੰ ਵੀ ਨੇੜੇ ਤੋਂ ਵੇਖਣ ਦਾ ਮੌਕਾ ਮਿਲਿਆ। ਇਸ ਸਾਰੇ ਪਿਛੋਕੜ ਦੀ ਤੁਹਾਨੂੰ ਮੇਰੀ ਸ਼ਾਇਰੀ ਵਿਚ ਝਲਕ ਨਜ਼ਰ ਆਵੇ ਗੀ ਤੇ ਮੇਰੀ ਡੋਲਦੀ ਹੋਈ ਉਮੀਦ ਹੁਣ ਤੁਹਾਡੇ ਫੈਸਲੇ ਦੀ ਉਡੀਕਣਹਾਰ ਹੈ।

ਜਦੋਂ ਲਿਖਣਾ ਸ਼ੁਰੂ ਕੀਤਾ ਤੇ ਥੋੜਾ ਜਿਹਾ ਅਰਸਾ ਪਾਕਿਸਤਾਨ ਵਿਚ ਕਿਆਮ ਰਿਹਾ। ਉਦੋਂ ਵੀ ਘੱਟ ਵੱਧ ਈ ਤਬੀਅਤ ਸਾਥ ਦਿੰਦੀ ਸੀ। ਪਰ ਉਹ ਥੋੜਾ ਅਰਸਾ ਵੀ ਮੇਰੇ ਵਾਸਤੇ ਢੇਰ ਕੀਮਤੀ ਸਰਬਾਇਆ ਏ, ਕਿਉਂ ਜੇ ਬਸ਼ੀਰ ਬਾਵਾ ਅਤੇ ਪ੍ਰਿੰ: ਮੁਹੰਮਦ ਅੱਬਾਸ ਮਿਰਜ਼ਾ ਦੇ ਫ਼ਨੀ ਮੱਸ਼ਵਰੇ ਨਸੀਬ ਹੋਏ। ਮੁਹੰਮਦ ਜੁਨੀਦ ਅੱਕਰਮ (ਸੰਪ. ਮਾਸਕ "ਪੰਜਾਬੀ") ਦਾ ਭਰਪੂਰ ਸਹਿਯੋਗ ਮਿਲਿਆ, ਰਹਿਮਤ ਅਲੀ ਰਾਜ਼ੀ (ਰੋਜ਼ਾਨਾ "ਜੰਗ"), ਹਸਨ ਨਿਸਾਰ (ਰੋਜ਼ਾਨਾ "ਜੰਗ"), ਇਲਿਆਸ

ਘੁੰਮਣ, ਗ਼ੁਲਾਮ ਮੁਸਤਫ਼ਾ ਬਿੱਸਮਲ, ਪ੍ਰੋ. ਅਕੀਲ, ਰਾਜਾ ਰਸਾਲੂ ਤੇ ਢੇਰ ਸਾਰੇ ਹੋਰ ਸੱਜਣ ਮੇਰਾ ਹੌਸਲਾ ਤੇ ਮਾਣ ਵਧਾਂਦੇ ਰਹੇ।

ਸ਼ਿਕਾਗੋ ਆਣ ਤੋਂ ਬਾਅਦ ਆਪਣੀ ਕਮਯੂਨੇਟੀ ਦੇ ਕੁਝ ਲੋਕਾਂ ਨਾਲ ਮੁਲਾਕਾਤ ਹੋਈ ਤੇ ਸ਼ਾਇਰੀ ਦਾ ਸਿਲਸਿਲਾ ਧੀਰੇ ਧੀਰੇ ਚੱਲਦਾ ਰਿਹਾ। ਕੁਝ ਅਜਿਹੇ ਸੱਜਣ ਮਿਲ ਗਏ ਜਿੱਨ੍ਹਾਂ ਪਾਰੋਂ ਹੌਸਲਾ ਮਿਲਦਾ ਰਿਹਾ। ਉਨ੍ਹਾਂ ਵਿਚ ਡਾ. ਇਫ਼ਤਖ਼ਾਰ ਨਸੀਮ ਇੱਫ਼ਤੀ, ਠਾਕਰ ਬਸਾਤੀ, ਚੌਧਰੀ ਨਿਆਮਤ ਉੱਲਾ, ਪ੍ਰੋ. ਜੱਗਦੇਵ ਸਿੰਘ ਰੱਮਦੇਵ, ਚੌਧਰੀ ਮੁਹੰਮਦ ਸਲੀਮ ਅੱਖ਼ਤਰ, ਡਾ. ਜਾਵੇਦ ਭੱਟੀ, ਪ੍ਰਿੰ. ਸੋਹਣ ਸਿੰਘ ਅਤੇ ਹੋਰ ਕਈ ਸੱਜਣ ਸ਼ਾਮਿਲ ਨੇਂ ਤੇ ਮੈਂ ਉਨ੍ਹਾਂ ਸਾਰਿਆਂ ਦਾ ਸ਼ੁਕਰੀਆਂ ਅਦਾ ਕਰਨਾ ਵਾਂ ਤੇ ਆਖ਼ਰ ਵਿਚ ਮੈਂ ਆਪਣੀ ਬੀਵੀ ਅਤੇ ਬੱਚਿਆਂ ਦਾ ਢੇਰ ਸਾਰਾ ਸ਼ੁਕਰ ਗੁਜ਼ਾਰ ਹਾਂ, ਜਿਨ੍ਹਾਂ ਦੇ ਸਹਿਯੋਗ ਕਾਰਨ ਇਹ ਸੱਭ ਕੁਝ ਸੰਭਵ ਹੋਇਆ ਏ।

**ਸਾਜਿਦ ਚੌਧਰੀ**

ਸ਼ਿਕਾਗੋ

੨੨ ਦਸੰਬਰ ੨੦੦੪

# ਸ਼ਾਇਰੀ

# ਅੱਲਾ ਸੋਹਣਾ

ਅੰਦਰ ਵੀ ਉਹ, ਬਾਹਰ ਵੀ ਉਹ
ਬਾਤਨ ਵੀ ਉਹ, ਜ਼ਾਹਰ ਵੀ ਉਹ
ਅੱਲਾ ਸੋਹਣਾ, ਅੱਲਾ ਸੋਹਣਾ
ਅੱਲਾ ਸੋਹਣਾ, ਅੱਲਾ ਸੋਹਣਾ

ਮੈਂ ਉਸ ਕੋਲੋਂ ਕਿਵੇਂ ਲੁਕਾਵਾਂ
ਐਬ ਆਪਣੇ ਤੇ ਭਾਰ ਗੁਨਾਹਵਾਂ
ਇਹ ਪੰਡਾਂ ਮੈਂ ਕਿਸਰਾਂ ਚਾਵਾਂ
ਉਹਦੀਆਂ ਮੰਗਦਾ ਪਿਆ ਪਨਾਹਵਾਂ
ਸੁਣਦਾ ਉਹ ਫ਼ਰਯਾਦਾਂ ਹਾਅਵਾਂ
ਉਹ ਈ ਪਾਕ ਤੇ ਤਾਹਿਰ ਵੀ ਉਹ
ਅੰਦਰ ਵੀ ਉਹ, ਬਾਹਰ ਵੀ ਉਹ
ਬਾਤਨ ਵੀ ਉਹ, ਜ਼ਾਹਰ ਵੀ ਉਹ
ਅੱਲਾ ਸੋਹਣਾ, ਅੱਲਾ ਸੋਹਣਾ
ਅੱਲਾ ਸੋਹਣਾ, ਅੱਲਾ ਸੋਹਣਾ

ਅਜ਼ਲ ਅਬਦ ਦੇ ਕੀ ਪੈਮਾਨੇ
ਉਹਦੀਆਂ ਖੁਲ੍ਹਾਂ ਉਹ ਈ ਜਾਣੇ
ਜ਼ਰੇ ਜ਼ਰੇ ਵਿਚ ਅੱਸਤਾਨੇ
ਕਿੱਤਨੇ ਫ਼ਲਕ ਜ਼ਮੀਨਾਂ ਤਾਣੇ
ਖੇਡ ਇਹ ਜਗ ਦੀ ਉਹਦੇ ਭਾਣੇ
ਕੁੰਨ ਦਾ ਕੱਲਾ ਮਾਹਰ ਵੀ ਉਹ
ਅੰਦਰ ਵੀ ਉਹ, ਬਾਹਰ ਵੀ ਉਹ
ਬਾਤਨ ਵੀ ਉਹ, ਜ਼ਾਹਰ ਵੀ ਉਹ
ਅੱਲਾ ਸੋਹਣਾ, ਅੱਲਾ ਸੋਹਣਾ
ਅੱਲਾ ਸੋਹਣਾ, ਅੱਲਾ ਸੋਹਣਾ

ਮੈਂ ਆਸਾਂ ਸੱਭ ਉੱਸ ਥੀਂ ਲਾਵਾਂ
ਉਸੇ ਕੋਲੋਂ ਮੰਗਦਾ ਜਾਵਾਂ
ਉਹਦੀ ਅੱਜ਼ਮਤ ਦੇ ਗੁਣ ਗਾਵਾਂ
ਵੱਸਦਾ ਏ ਉਹ ਹਰ ਹਰ ਥਾਵਾਂ
ਉਸ ਵਲ ਜਾਵਣ ਸਾਰੀਆਂ ਰਾਹਵਾਂ
ਮੇਰੀ ਖੋਜ ਦੇ ਅੰਦਰ ਵੀ ਉਹ
ਅੰਦਰ ਵੀ ਉਹ, ਬਾਹਰ ਵੀ ਉਹ
ਬਾਤਨ ਵੀ ਉਹ, ਜ਼ਾਹਰ ਵੀ ਉਹ
ਅੱਲਾ ਸੋਹਣਾ, ਅੱਲਾ ਸੋਹਣਾ
ਅੱਲਾ ਸੋਹਣਾ, ਅੱਲਾ ਸੋਹਣਾ

# ਮੇਰਾ ਮਾਣ

ਮਦੀਨੇ ਦੇ ਵਾਲੀ ਮੇਰਾ ਮਾਣ ਤੂੰ ਏਂ
ਤੇ ਸਾਹ ਦੀ ਰਵਾਨੀ, ਮੇਰੀ ਜਾਨ ਤੂੰ ਏਂ

ਨਾ ਤੇਰੇ ਬਿਨਾਂ ਜ਼ਿਕਰ ਆਲਮ ਦਾ ਥੀਂਦਾ
ਤੂੰ ਰੱਬ ਦੀ ਮੁਹੱਬਤ, ਮੇਰੀ ਆਨ ਤੂੰ ਏਂ

ਤੂੰ ਸਾਰੇ ਜਹਾਨਾਂ ਲਈ ਰਹਿਮਤ ਈ ਰਹਿਮਤ
ਤੇ ਹਰ ਖ਼ਲਕ 'ਚੋਂ ਰੱਬ ਦਾ ਅੱਨਵਾਨ ਤੂੰ ਏਂ

ਜੇ ਅੱਵਲ ਵੀ ਤੂੰ ਏਂ ਤੇ ਆਖ਼ਰ ਵੀ ਤੂੰ ਏਂ
ਤੂੰ ਸਭ ਤੋਂ ਜੁਦਾ ਰੱਬ ਦਾ ਇੱਹਸਾਨ ਤੂੰ ਏਂ

ਤੇਰਾ ਇਲਮ ਏਂ, ਸਾਰੇ ਇਲਮਾਂ ਤੋਂ ਆਲਾ
ਤੂੰ ਰੱਬ ਦੀ ਜ਼ਬਾਂ ਮੇਰਾ ਕੁਰਆਨ ਤੂੰ ਏਂ

ਤੈ ਮੰਨਿਆਂ ਸੀ ਸਾਦਿਕ ਅਮੀਂ ਮੁਸ਼ਰਕਾਂ ਵੀ
ਤੂੰ ਮੇਰਾ ਯਕੀਂ, ਮੇਰਾ ਵੱਜਦਾਨ ਤੂੰ ਏਂ

ਭਲਾ ਕਿੰਝ ਜ਼ਿੱਬਰੀਲ ਅਰਸ਼ਾਂ ਤੇ ਜਾਂਦਾ
ਜਦੋਂ ਮੇਰੇ ਮੌਲਾ ਦਾ ਮਹਿਮਾਨ ਤੂੰ ਏਂ

ਗਈਆਂ ਜ਼ੁਲਮਤਾਂ ਹੋਇਆ ਚਾਨਣ ਚੁਫ਼ੇਰੇ
ਮੇਰੇ ਸੋਹਣਿਆ! ਨੂਰੇ ਯੱਜ਼ਦਾਂ ਤੂੰ ਏਂ

ਮੈਂ ਸੱਦਕੇ ਮੈਂ ਵਾਰੀ, ਮੈਂ ਲੱਖ ਵਾਰ ਵਾਰੀ
ਮੇਰੀ ਹਰ ਅਕੀਦਤ ਤੇ ਅਰਮਾਨ ਤੂੰ ਏਂ

ਤੇਰੇ ਦਰ ਤੇ 'ਸਾਜਿਦ' ਵੀ ਮੰਗਤਾ ਖੜਾ ਏ
ਹੋਵੇ ਹਿਕ ਨਿਗਾ ਬਹਿਰੇ ਫ਼ੈਜ਼ਾਨ ਤੂੰ ਏਂ

ਲਾਹੌਰ
੫ ਅਪ੍ਰੈਲ ੧੯੯੯

❄

ਪਿਆਰ ਮੁਹੱਬਤਾਂ ਦੇ ਫੁਲ ਵੰਡਾਂ, ਹਾਸੇ ਲੁੱਟਦਾ ਜਾਵਾਂ
ਸ਼ੇਅਰ ਦੇ ਮੈਂ ਗੁਲ ਬੂਟੇ ਲਾਵਾਂ, ਸ਼ਰ ਦੇ ਪੁੱਟਦਾ ਜਾਵਾਂ

ਹਰ ਵੱਤਨੀ ਟੱਬਰ ਦਾ ਜੀ ਏ, ਗ਼ੱਮ ਖ਼ੁਸ਼ੀਆਂ ਸਭ ਸਾਂਝੇ
ਹਰ ਦੁਖੀਏ ਨੂੰ ਸੀਨੇ ਲਾਵਾਂ, ਚੁੰਮਦਾ ਘੁੱਟਦਾ ਜਾਵਾਂ

ਗ਼ਰਜ਼ਾਂ ਦੀ ਭੱਠੀ ਨਾ ਤਾਵੇ, ਕੋਈ ਵੀ ਵਡ ਵਡੇਰਾ
ਲਾਲਚ ਹਿਰਸ ਹਵਾ ਦੇ ਸੰਢੇ, ਇੰਝ ਜਰੁੱਟਦਾ ਜਾਵਾਂ

ਹੀਣੇ ਨਾਲ ਨਿਆਂ ਦਾ ਸੌਦਾ, ਤੱਗੜੇ ਦਾ ਗੁੱਟ ਨੱਪਾਂ
ਜ਼ੁਲਮ ਨੂੰ ਵੇਖ ਕੇ ਮੈਂ ਕੱਚ ਵਾਂਗੋਂ ਤੁਰਤ ਤਰੁੱਟਦਾ ਜਾਵਾਂ

ਸੁੱਖ ਤੇ ਚੈਨ ਦੀ ਵੰਝਲੀ ਵੱਜੇ ਜ਼ਾਲਮ ਚੋਰ ਨਖੁੱਟਣ
ਹੱਕ ਪਹੁੰਚੇ ਹੱਕ ਦਾਰਾਂ ਤਾਈਂ ਗ਼ਾਸਿਬ ਜੁੱਟਦਾ ਜਾਵਾਂ

ਤਨ ਮਨ ਦੇ ਸਭ ਰੋਗ ਮਿਟਾਵੇ ਆਸ ਉਮੀਦ ਜਗਾਵੇ
ਉੱਚੇ ਨੀਵੇਂ ਸਭ ਬਰਾਬਰ ਇਹ ਗਲ ਖੁੱਟਦਾ ਜਾਵਾਂ

ਲੋੜ ਦੀਆਂ ਸਭ ਥੋੜਾਂ ਮੁਕਣ, ਹੋਵਣ ਲਹਿਰਾਂ ਬਹਿਰਾਂ
ਪਾਵਣ ਸਭ ਧਮਾਲਾਂ 'ਸਾਜਿਦ' ਮਣਕਾ ਸੁਟਦਾ ਜਾਵਾਂ

ਇਸਲਾਮਾਬਾਦ
ਜੁਲਾਈ ੧੯੯੯

# ਮੰਜ਼ਲ

ਬੱਖ਼ਸ਼ਿਆ ਰੱਬ ਬ੍ਰੇਨ ਬੰਦੇ ਨੂੰ, ਲੱਖ ਹਜ਼ਾਰਾਂ ਹਿੱਸੇ
ਪਰ ਸ਼ਊਰ ਤੇ ਲਾ ਸ਼ਊਰ ਦੇ ਦੋ ਈ ਅੱਸਲੀ ਕਿੱਸੇ

ਹੋਸ਼ ਅੰਦਰ ਜੇ ਬੰਦਾ ਮੰਜ਼ਲ ਲਾ-ਸ਼ਊਰ ਦੀ ਪੁਜੇ
ਫ਼ਲਕ ਜ਼ਮੀਂ ਚੰਨ ਸੂਰਜ ਕੀ ਸ਼ੈ, ਕੁੱਦਰਤ ਉਸ ਤੇ ਵਿੱਸੇ

❄

ਹਿਕ ਉਡੀਕੇ ਸੂਲੀ ਉੱਤੇ, ਸੇਜ ਤੇ ਹਿਕ ਸੁਨੇਹੜਾ ਪਾਵੇ
ਕੰਨ ਪੜਵਾ ਕੇ ਰਾਂਝਣ ਫਿਰਦਾ, ਹੀਰ ਵਿਆਹਵਣ ਖੇੜਾ ਜਾਵੇ

ਕਲ ਦੇ ਸੁਖ ਲਈ ਅੱਜ ਗੰਵਾਇਆ, ਕਲ ਨੇ ਅਜ ਦਾ ਚੋਲਾ ਪਾਇਆ
ਵੇਲੇ ਦਾ ਮੇਲਾ ਨਾ ਤੱਕਿਆ ਫ਼ੇਰ ਵਖਾਓ ਝੇੜਾ ਪਾਵੇ

ਕਿੰਝ ਕਿਸੇ ਦਾ ਦਰਦ ਵੰਡਾਵੇ, ਉਹਦਾ ਆਪਣਾ ਕੌਣ ਹੰਢਾਵੇ
ਲੱਗੀ ਦੀ ਲੱਗ ਉਹ ਈ ਜਾਣੇ ਤਨ ਆਪਣੇ ਤੇ ਜਿਹੜਾ ਖਾਵੇ

ਯਾਰਾਂ ਦੀ ਯਾਰੀ ਦਾ ਕੀ ਏ, ਭਾਰ ਸਿਰੇ ਦਾ ਪੈਰਾਂ ਉੱਤੇ
ਹੱਸਦੇ ਨਾਲ ਤੇ ਹੱਸਦੇ ਸਾਰੇ, ਵੈਣ ਵੰਡਾਵਣ ਕਿਹੜਾ ਆਵੇ

'ਸਾਜਿਦ' ਨੂੰ ਪ੍ਰਚਾਂਦੇ ਫਿਰਦੇ, ਪਰ ਉਹ ਤਾਂਹ ਤਾਂਹ ਹੋ ਕੇ ਵੇਖੇ
ਰੂਪ ਨਗਰ ਬੇਗਾਨੇ ਲਗਦੇ, ਯਾਰ ਬਿਨਾਂ ਨਾ ਵੇੜ੍ਹਾ ਭਾਵੇ

❤

ਸ਼ਿਕਾਗੋ
ਅਪ੍ਰੈਲ ੨੦੦੦

## ਦੋ ਬੈਤ

ਫਲ ਫੁਲ ਲਗਸਨ, ਸਾਇਆ ਹੋਸੀ, ਸਾਲਾਂ ਗੋਡੀ ਕੀਤੀ
ਬੂਟੇ ਤੇ ਬਸ ਕੰਡੇ ਲਗੇ, ਚੁੱਭਣ ਤੇ ਕਿੰਝ ਕੱਟਾਂ

❄

ਗਾਈਡ, ਅੱਨ੍ਹੇ ਦਾ ਜੋ ਬਣਿਆ, ਉਹ ਕੁੱਤਾ ਵੀ ਚੰਗਾ
ਉਨ੍ਹਾਂ ਬੰਦਿਆਂ ਕੋਲੋਂ ਜਿਹੜੇ, ਢਾਂਦੇ ਖੁੰਡੀ ਪਾ ਕੇ

ਚਲਦੇ ਦੱਮ ਦੀਆਂ ਦੱਮ ਦਮੋਂ ਖੇਡਾਂ, ਦੱਮ ਆਵੇ ਤਾਂ ਦੱਸਾਂ
ਬਿਨ ਰਾਂਝਣ ਮੈਂ ਪਰਮ ਕੰਵਾਰੀ, ਬੇ-ਦੱਮ ਕਿਉਂਕਰ ਵੱਸਾਂ

ਯਾਰ ਮਿਰੇ ਦੇ ਰੰਗ ਨਵੇਕਲ, ਹਰ ਤੰਦ ਟੋਹ ਟੋਹ ਕੱਤਾਂ
ਹਰ ਤੰਦ ਸੱਟਾਂ, ਸੱਟੋ ਸੱਟਾਂ, ਸੱਟਾਂ ਖਾ ਖਾ ਹੱਸਾਂ

ਸੱਧਰਾਂ ਮਾਰੀ ਗ਼ਰਜ਼ ਪੁਜਾਰਨ, ਹਰ ਦੱਮ ਭੱਟਕਣ ਹਾਰੀ
ਮੋੜਨ ਵਾਲਾ ਮਾਰ ਕੇ ਮੋੜੇ, ਭੁਲ ਜਾਂ ਪਿੱਛਲੀਆਂ ਲੱਸਾਂ

ਲੰਮੀਆਂ ਰਾਤਾਂ ਜੁਰਮਾਂ ਘੇਰੀ, ਪਾਸੇ ਲੈ ਲੈ ਹੂੰਘਾਂ
ਜੁਰਮ ਬਿਨਾਂ ਇਹ ਜੁਰਮ ਨਾ ਮੁਕਦੇ, ਜੁਰਮ ਕਮਾ ਜਿਉਂ ਖੱਸਾਂ

ਮਾੜੀ ਜਿੰਦੇ ਗੱਡ ਏ ਭਾਰੀ, ਹਿੱਕਾਂ ਦਾ ਟਿੱਲ ਲਾਵਾਂ
ਅੰਗ ਅੰਗ ਪੀੜਾਂ, ਮਨ ਪੀੜਾਂ, ਪਈ ਅੰਦਰੋ ਅੰਦਰ ਧੱਸਾਂ

ਲੌਅ ਲਾਇਆਂ ਬਿਨ ਲੌਅ ਨਾ ਲਗਦੀ, ਲੋਏ ਲੋਏ ਪਈ ਸੜਦੀ
ਲਾਂਬੂ ਹਰ ਦੱਮ ਚਾਰ ਚੁਫ਼ੇਰੇ ਕਿਹੜੇ ਪਾਸੇ ਨੱਸਾਂ

ਲਾਵਣ ਦਾ ਚਾਅ ਹਰ ਇਕ ਰੱਖਦਾ, ਲੱਗੇ ਘਾਅ ਕੁਰਲਾਵੇ
ਕਿਹੜਾ ਮਨ ਦੇ ਰੋਗ ਵੰਜਾਵੇ ਵੱਸ ਪਈ ਬੇ-ਵੱਸਾਂ

ਜੇ ਲੱਗੇ ਤੇ ਅੱਖ ਨਾ ਲੱਗੇ, ਨਜ਼ਰ ਕਰਮ ਦੀ ਪਾਵੀਂ
ਤੈਂ ਬਿਨ ਚੈਨ ਨਸੀਬ ਨਾ ਮੈਨੂੰ, ਰੁਸ ਰੁਸ ਆਪੇ ਰੁੱਸਾਂ

ਮਨ ਦੇ ਸੋਕੇ ਰੋੜ੍ਹਾ ਲਾਇਆ, ਜੱਨਮਾਂ ਦੀ ਤ੍ਰਿਹਾਈ
ਨੈਨੀਂ ਵੱਗਦਾ ਅੱਥਰ ਦਰਿਆ, ਹੋਰ ਵਧਾਵੇ ਤੱਸਾਂ

ਹਿੱਕੋ ਅੰਦਰ ਹਿੱਕੋ ਬਾਹਰ, ਹਿੱਕੋ ਹਿੱਕ ਪਈ ਜੱਪਾਂ
ਘਣੇ ਕਰਮ ਦੀਆਂ ਰਮਜ਼ਾਂ ਘਣੀਆਂ ਬਿਨ ਬੋਲੇ ਪਈ ਦੱਸਾਂ

ਤੱਤੇ ਦੱਮ ਦੇ ਹੂੰਘ ਹੁਲਾਰੇ ਸਾਹ ਸਾੜਨ ਨਿੱਤ ਜੁੱਸਾ
'ਸਾਜਿਦ' ਲੋਰ ਨਿਭਾਣੀ ਔਖੀ, ਹਰ ਦੱਮ ਨੱਵੀਆਂ ਕੱਸਾਂ

ਲਾਹੌਰ
੧੯ ਅਪ੍ਰੈਲ ੧੯੯੯

❄

ਕਹਿੰਦੇ ਨੇਂ ਜੋ ਕਹਿਣ ਦਿਓ
ਦਿੱਲ ਹੁੱਜਰੇ ਵਿਚ ਬਹਿਣ ਦਿਓ

ਖ਼ੁੱਸ਼ੀਆਂ ਚੰਨ, ਹੰਢਾਂਦਾ ਰਹੋ
ਸਾਡੇ ਕਣ ਦੁਖ ਰਹਿਣ ਦਿਓ

ਲੋਕਾਂ ਰੀਤ ਨਿਭਾਣੀ ਏਂ
ਸਾਨੂੰ ਛਿੱਬੀਆਂ ਸਹਿਣ ਦਿਓ

ਅਸੀ ਹਿਜਰ ਦੇ ਬੇਲੀ ਆਂ
ਸਾਨੂੰ ਗ਼ਮਾਂ ਨਾਲ ਖਹਿਣ ਦਿਓ

ਸਦਾ ਵਸਲ ਉਮੀਦਾਂ ਨੇਂ
ਚੱੜ੍ਹ ਕੋਠੇ ਤੇ ਬਹਿਣ ਦਿਓ

ਅੱਖ ਛਲਕਦੀ ਏ ਤੱਤੜੀ
ਠਿੱਲੇ ਅੱਥਰੂ ਵਹਿਣ ਦਿਓ

ਇਹ ਤਾਂ ਆਸ ਦੀਆਂ ਮੁੰਦਰਾਂ
ਜੀਂਦੇ ਜੀ ਤੇ ਨਾ ਲਹਿਣ ਦਿਓ

ਅੱਖ ਨਜ਼ਾ ਤਕ ਖੁਲ੍ਹੀ ਏ
ਹੁਣ ਤੇ ਸੁਖ ਨਾਲ ਸੈਣ ਦਿਓ

ਖੌਰੇ ਉੱਗੇ ਪਿਆਰ ਦਾ ਫੁਲ
ਹਲ ਕੱਬਰਾਂ ਤੇ ਵਹਿਣ ਦਿਓ

ਇਹ ਅਰਮਾਨ ਏ 'ਸਾਜਿਦ' ਦਾ
ਹੱਥੀਂ ਗੱਜਰੇ ਪੈਣ ਦਿਓ

ਲਾਹੌਰ
ਅਪ੍ਰੈਲ ੧੯੯੯

❄

ਜਿਸ ਦੇ ਮਨ ਵਿਚ ਮੀਤ ਸਮਾਇਆ, ਭੇਤ ਪ੍ਰੀਤ ਦਾ ਜਾਣੇ ਉਹ
ਯਾਰ ਦਾ ਨਾਂ ਜਿਸ ਮੜ੍ਹ ਗਲ ਪਾਇਆ, ਰਾਜ਼ ਤਵੀਤ ਦਾ ਜਾਣੇ ਉਹ

ਉਹਦੀ ਸੋਚ ਦਾ ਸੁਰਮਾ ਜਿਸ ਨੇ, ਨੂਰ ਬਣਾਇਆ ਨੈਨਾਂ ਦਾ
ਸਾਹ ਜਿਸ ਦੇ ਸੰਗੀਤ 'ਚ ਢਲ ਗਏ, ਸਾਜ਼ ਸੰਗੀਤ ਦਾ ਜਾਣੇ ਉਹ

ਮਾੜੇ ਤੇ, ਤੇ ਹਰ ਕੋਈ ਗ਼ਾਲਿਬ, ਡਾਢੇ ਦਾ ਦੱਸ ਜਤਨ ਕੀ
ਹੇਠੋਂ ਜਿਹੜਾ ਉੱਤੇ ਆਵੇ, ਨਸ਼ਾ ਜੀਤ ਦਾ ਜਾਣੇ ਉਹ

ਸਮਝ ਹਮੇਸ਼ਾ ਅੰਦਰੋਂ ਆਵੇ, ਦੂਜੇ ਦੀ ਨਾ ਭਾਵੇ ਮੱਤ
ਵੇਖ ਜੋ ਮੈ ਖ਼ਾਨਾ ਮੁੜਿਆ, ਮੋੜ ਮਸੀਤ ਦਾ ਜਾਣੇ ਉਹ

ਜਿਸ ਪਾਸੇ ਵੀ ਮੂੰਹ ਕਰਨੀ ਆਂ, ਕਿੱਬਲਾ ਸਾਹਵੇਂ ਆ ਜਾਂਦਾ ਏ
ਜਿਸ ਦੇ ਨਾਲ ਮੈਂ ਲਾਈਆਂ 'ਸਾਜਿਦ' ਸਿਦਕ ਤੇ ਨਿੱਯਤ ਦਾ ਜਾਣੇ ਉਹ

❦

ਸ਼ਿਕਾਗੋ
ਅੱਕਤੂਬਰ ੨੦੦੩

❄

ਪੌੜੀ ਦਾ ਕੱਢ ਪਿੱਛਲਾ ਡੰਡਾ, ਅੱਗੇ ਲਾ ਲਾ ਚੱੜ੍ਹਿਆ
ਹੁਣ ਕੋਠੇ ਤੇ ਖਲਾ ਉਡੀਕੇ, ਪਿਛਲੇ ਆਵਣ ਛੇਤੀ

❦

# ਮਿੱਟੀ

ਹਰ ਸ਼ੈ ਮਿੱਟ ਕੇ ਹੋਵੇ ਮਿੱਟੀ, ਛੱਡਦੀ ਨਹੀਂ ਰੰਗ ਮਿੱਟੀ
ਯਾਰ ਫ਼ਨਾ ਨੂੰ ਫ਼ੇਰ ਬਕਾ ਦੇ, ਬਣ ਮਿੱਟੀ ਮੰਗ ਮਿੱਟੀ

ਆਪਣੀ ਮਿੱਟੀ ਪਿਆਰੀ ਮੈਨੂੰ, ਚੁੰਮਾਂ ਚਾਮਲ ਚਾਈਂ
ਲੋਕੀ ਵੇਚ ਕੇ ਸੋਨਾ ਪਾਵਣ, ਮੇਰਾ ਏ ਲੰਗ ਮਿੱਟੀ

ਮੂਰਤ ਮੰਦਰ ਮਸਜਿਦ ਕਾਬਾ ਕਰਬਲ ਤੈਬਾ ਮਿੱਟੀ
ਨੂਰ ਇਲਾਹੀ ਜਾਮਾ ਪਾਵੇ ਕੀ ਕੀ ਨੇਂ ਅੰਗ ਮਿੱਟੀ

ਸ਼ੌਹ ਵਿਚ ਠਿੱਲੇ ਥਲ ਵਿਚ ਸੜਦੀ, ਵਸਲ ਸਲੀਬਾਂ ਚੱੜ੍ਹਦੀ
ਪੱਥਰਾਂ ਵਿਚੋਂ ਕੱਢੇ ਨਹਿਰਾਂ, ਵੱਖਰੀ ਏ ਡੰਗ ਮਿੱਟੀ

ਰੂਹ ਨੇ ਉਜ਼ਰ ਬਥੇਰੇ ਕੀਤੇ ਡਰਦੇ ਹਨੇਰੇ ਕੋਲੋਂ
ਨ੍ਹੇਰੇ ਦਾ ਕਦ ਸੰਗੀ ਚਾਨਣ, ਹੁੰਦੀ ਏ ਤੰਗ ਮਿੱਟੀ

ਓਭੜ ਅਰਸ਼ ਮਕੀਨਾਂ ਅੰਦਰ ਪਰਤ ਅਸਲ ਨੂੰ ਆਈ
ਨੂਰੀ ਨਾਰੀ ਧੜਾ ਨਾ ਬਣਦੇ, ਮਿੱਟੀ ਦਾ ਸੰਗ ਮਿੱਟੀ

ਸੱਪ ਨਾ ਸੱਜਣ ਦੁਸ਼ਮਣ ਵੇਖੇ, ਨੀਚ ਦੀ ਕੇਹੀ ਸਜਣਾਈ
'ਸਾਜਿਦ' ਸੁੱਥਰੇ ਦਾ ਸੰਗ ਲੋੜੇ, ਖਿੜਦੀ ਨਹੀਂ ਚੰਗ ਮਿੱਟੀ

ਲਾਹੌਰ
ਸਤੰਬਰ ੧੯੯੯

# ਕੁਰਸੀ

ਇਹ ਕੁਰਸੀ ਦਿਨ ਚਾਰ ਦਿਹਾੜੇ, ਕਦੇ ਵਫ਼ਾ ਨਾ ਕਰਦੀ
ਦੁਨੀਆ ਹਿਰਸ ਹਵਾ ਦੀ ਬਾਂਦੀ, ਸਿਰ ਕੱਦਮਾਂ ਵਿਚ ਧਰਦੀ

ਕੁਰਸੀ ਸੁਣਦਾ ਹਾਲ ਸੁਣਾਵਾਂ ਸੁਝਵਰਾਂ ਲਈ ਕਾਫ਼ੀ
ਰਾਤ ਹਨੇਰੀ ਦੁੱਖਾਂ ਘੇਰੀ, ਜਾਣੇ ਕਦਰ ਸਹਿਰ ਦੀ

ਵੱਢ ਕੁਹਾੜੇ ਸੁੱਟੀ ਆਰੇ ਚੀਰੀ ਸੂਤਰ ਲਾ ਕੇ
ਰੰਦਾ ਰੇਤੀ ਕਸਬ ਕਮਾਲੀ, ਇਹ ਤ੍ਰਖਾਣਾਂ ਜਰਦੀ

ਲੋਕਾਂ ਦੇ ਕੰਮ ਆਵਣ ਖ਼ਾਤਰ, ਕੁਰਸੀ ਹਰ ਦੁਖ ਝੱਲਦੀ
ਓਹ ਈ ਬੰਦਾ ਅੱਸ਼ਰਾਫ਼ ਹੋਸੀ, ਖ਼ਿਦਮਤ ਕਰੇ ਜੋ ਹਰ ਦੀ

ਜੋ ਬੈਠੇ ਇਹ ਸੁਖ ਪਹੁੰਚਾਵੇ, ਆਪਣੇ ਜ਼ਖ਼ਮ ਛੁਪਾਵੇ
ਬੈਠਣ ਵਾਲਾ ਅਸਲ ਤੇ ਜਾਵੇ, ਜੋ ਖ਼ੱਸਲਤ ਉਸ ਘਰ ਦੀ

ਕੁਰਸੀ ਆਪਣਾ ਅਸਲ ਨਾ ਛੱਡਦੀ' ਅਸਲ ਗੰਵਾਵੇ ਬੰਦਾ
'ਸਾਜਿਦ' ਕਿਹੜੇ ਝੇੜੇ ਛੇੜੇ' ਹਰ ਸ਼ੈ ਅਸਲ ਤੇ ਮਰਦੀ

ਅੱਸਲਾਂ ਤੇ ਬੱਦ-ਅੱਸਲਾਂ ਅੰਦਰ ਕਾਹਦਾ ਬਹਿਸ ਮੁਬਾਹਿਸਾ
ਗਲ ਕੁਰਸੀ ਦੀ ਟੋਰ ਅਗੇਰੇ, ਕੀ ਇਹ ਗੱਲਾਂ ਕਰਦੀ

ਮੈਂ ਰੰਗੀ ਆਂ ਰੰਗੋ ਰੰਗੀ, ਰੰਗੋ ਰੰਗੀ ਵਰਤਾਂ
ਜਿਹੰਦੀ ਮੈਂ ਸੁਹੱਬਤ ਵਿਚ ਰਹਿਸਾਂ ਮੈਂ ਰੰਗੀ ਉਸ ਵਰ ਦੀ

ਮੈਂ ਖਲੀ ਵਿਚ ਟਾਟ ਸਕੂਲਾਂ, ਕਿੱਧਰੇ ਮੱਸ਼ਮਲ ਮੇਲੇ
ਕਦੇ ਪੰਡਾਲਾਂ ਵਿਚ ਸਿਆਸਤ, ਝੂਠ ਹਵਾ ਮਕਰ ਦੀ

ਸੰਗਲ ਨਾਲ ਮੈਂ ਬੱਝੀ ਕਿੱਧਰੇ, ਬਾਬੂ ਦੇ ਹੱਥ ਆਈ
ਕਦੇ ਜੜੀ ਮੈਂ ਹੀਰੇ ਮੋਤੀ, ਗੋਲ੍ਹੀ ਸ਼ਾਹ ਦੇ ਦਰ ਦੀ

ਕਦੇ ਮਿਲਾਪ ਕਰਾਂ ਵਿਚ ਸ਼ਾਦੀ, ਮੌਤੋਂ ਕਦੇ ਜੁਦਾਈ
ਇਲਮ ਅਦਾਲਤ ਸੋਚ ਤਜਾਰਤ, ਗਲ ਹਾਂ ਨਹੀ ਅਮਰ ਦੀ

ਬੈਠਣ ਵਾਲੇ ਰੰਗ ਵਖਾਵਣ ਜ਼ਰਫ਼ੋ ਜ਼ਰਫ਼ ਅਦਾਈਂ
ਮੈਂ ਰੰਗ ਡਿੱਠੇ ਜੋ ਅਣ-ਡਿੱਠੇ, ਵਾਕਫ਼ ਹਾਲ ਅੰਦਰ ਦੀ

ਜਿਹੜਾ ਸਾਫ਼ ਜ਼ਮੀਰ ਮਿੱਟੀ ਦਾ' ਹਰ ਦੱਮ ਖ਼ੌਫ਼ ਖ਼ੁਦਾਈ
ਉਹੋ ਅਦਲ ਇੰਨਸਾਫ਼ ਕਮਾਂਦਾ' ਖ਼ਲਕੇ ਖ਼ੁਦਾ ਦੱਮ ਭਰਦੀ

ਜੋ ਹਰੀਸ ਤੇ ਸ਼ੋਹਦਾ ਹੋਸੀ, ਸਰੀਆ ਗਰਦਨ ਤੱਣਿਆ
ਚਲਦਾ ਸ਼ਾਤਰ ਚਾਲਾਂ' ਖ਼ਲਕਤ ਹਾਏ ਹਾਏ ਸਾਰੀ ਕਰਦੀ

ਹਿੱਕਨਾਂ ਖਾਧੀ ਕਸਮ ਏ ਯਾਰੋ! ਹੱਕ ਲੁੱਕਮਾ ਨਹੀਂ ਖਾਣਾ
ਹਰ ਸਾਇਲ ਮਸਕੀਨ ਨਿਮਾਣਾ ਜ਼ਿਬਾ ਕਰਨ ਬੇ-ਦਰਦੀ

ਹਿਕਨਾਂ ਮੱਥੇ ਤੇ ਮਹਿਰਾਬ ਏ' ਤੱਸਬੀਆਂ ਕਸਬ ਕਮਾਵਣ
ਆਇਤਾਂ ਉਨ੍ਹਾਂ ਸਭ ਭੁਲ ਜਾਵਣ, ਚਮਕ ਲਫ਼ਾਫ਼ੇ ਤਰਦੀ

ਇੱਜ਼ਤ ਵਾਲੇ ਕੁਝ ਬਹਿਰੂਪੀਏ, ਹਰ ਜ਼ਿੱਲਤ ਦੇ ਲੋੜੂ
ਜਾਮ ਸ਼ਰਾਬ ਕਬਾਬ ਦੇ ਮਾਰੇ, ਹੋਸ਼ ਨਾ ਖ਼ੈਰ ਖ਼ਬਰ ਦੀ

ਜਿਹੜਾ ਕੁਰਸੀ ਉੱਤੇ ਬੈਠੇ, ਆਪ ਖ਼ੁਦਾ ਬਣ ਜਾਵੇ
ਸਾਹਮਣੇ ਪਏ ਖਲੌਣਾ ਤੇ ਲੱਤ ਕੰਬੇ ਥਰ ਥਰ ਕਰਦੀ

ਟਾਵੇਂ ਟਾਵੇਂ ਹੱਕਦਾਰਾਂ ਲਈ, ਅੱਕਸਰ ਖੋਹਿਆ ਖੋਹੀ
ਗ਼ਾਸਿਬ ਬਦੋ ਬਦੀ ਚੰਬੜੇ ਨੇਂ' ਮੁਨਸਫ਼ ਦੀ ਮੈਂ ਬਰਦੀ

ਪਾਵੇ ਫੜ ਕੇ ਕਿਉਂ ਲੇਟੇ ਉਹ, ਮੈਂ ਬੇ-ਜਾਨ ਨਿਮਾਣੀ
ਰੱਬ ਦੇ ਕੋਲੋਂ ਕਿਉਂ ਨਹੀਂ ਮੰਗਦੇ ਬੱਖ਼ਸ਼ਿਸ਼ ਫ਼ੈਜ਼ ਅਸਰ ਦੀ

ਤਗੜੇ ਕੰਨ ਮਰੋੜੀ ਜਾਂਦੇ, ਮਾੜੇ ਹਾਰਾ ਕਾਰੀ
ਜਾਬਰ ਦਾ ਕੱਬਜ਼ਾ ਕੁਰਸੀ ਤੇ ਚਲਦੀ ਕਲਮ ਜਬਰ ਦੀ

ਜੋ ਮੈਂ ਜ਼ੁਲਮ ਡਕੇਤੀ ਵੇਖਾਂ ਰੱਬਾ! ਲੱਖ ਲੱਖ ਤੋਬਾ
ਬੰਦੇ ਤੇਰੇ ਡਰਦੇ ਨਾਹੀਂ, ਮੈਂ ਤੇ ਡਰ ਡਰ ਮਰਦੀ

ਰੋਜ਼ੀ ਵਿਚ ਫ਼ਰਾਖ਼ੀ ਤੰਗੀ, ਲੇਖਾਂ ਲਿਖੀਆਂ ਵੰਡਾਂ
ਭੁੱਖਾ ਢਿੱਡ ਤੇ ਭਰ ਜਾਂਦਾ ਏ, ਭੁਖੀ ਅੱਖ ਨਾ ਭਰਦੀ

ਚੰਗਾ ਕਰ ਲੈ ਦਾਮਨ ਭਰ ਲੈ, ਵੱਜਦਾ ਕੂਚ ਨਕਾਰਾ
ਅਸਲ ਖਰੇ ਦੀ ਫ਼ਸਲ ਉਗਾ ਲੈ, ਅੱਗੇ ਰੜੇ ਨਾ ਚਰਦੀ

ਜਿਸ ਮਨ ਰੱਚਿਆ ਮੌਲਾ ਮੇਰਾ, ਜ਼ੰਬ ਕੰਬ ਜਾਵਣ ਮਨ ਥੀਂ
ਸੁਧੋ ਸੁਧ ਏ ਸ਼ੌਂਛੇ ਇਲਾਹੀ, ਬਹਿਸ ਨਾ ਦੀਨ ਫ਼ੁਕਰ ਦੀ

ਮੈਂ ਜਾਣਤ ਹਾਂ ਸਭ ਕਲਿੰਟਨਾਂ, ਮੋਨੀਕਾਂ ਕੀ ਜਾਣੇ
ਜੇ ਮੈਂ ਬੋਲੀ ਡੁਬ ਡੁਬ ਮਰਸਨ, ਪਰ ਮੈਂ ਰੱਬ ਤੋਂ ਡਰਦੀ

ਨਾ ਇਨਸਾਫ਼ੀ ਦੀ ਨੱਸ ਮਾਰਾਂ, ਰਿੱਸ਼ਵਤ ਮਾਰ ਮੁਕਾਵਾਂ
ਜ਼ੁਲਮੀ ਦੇ ਕੱਢ ਦਿਆਂ ਕੜਾਕੇ, ਸੀਟ ਜੇ ਹੋਵਾਂ ਨਰ ਦੀ

ਜਿਹੜੇ ਤੱਕੀਆ ਰੱਬ ਤੇ ਰੱਖਦੇ, ਦੀਨ ਦੁਨੀ ਦੇ ਵੇਸ਼
ਲੋਭ ਲਈ ਜਿਸ ਭੇਸ ਵਟਾਇਆ ਉਹ ਕਾਹਦਾ ਦਰਵੇਸ਼

ਬੇ-ਗ਼ਰਜ਼ੀ ਦੀ ਯਾਰੀ ਨਿੱਭਦੀ ਗ਼ਰਜ਼ਾਂ ਕਰਨ ਖ਼ਵਾਰ
ਗ਼ਰਜ਼ਾਂ ਨੇਂ ਸੌ ਢੰਗ ਰਚਾਏ, ਬੋਲੀ ਧਰਮ ਨਾ ਦੇਸ਼

ਕੂੜ ਹਿਯਾਤੀ ਦੀਦਨ ਪਿੱਟੀ, ਹਰ ਦੱਮ ਦੇਵੇ ਆਸ
ਸੰਗੀ ਸੰਗ ਹਿਯਾਤੀ ਭੁਲਿਆ ਨਾ ਕੋਈ ਪੁੱਤ ਸੰਦੇਸ਼

ਬੁੱਬਲਾ ਪਾਣੀ ਉੱਤੇ ਰਹਿਸੀ ਕਿੰਨਾ ਚਿਰ ਅੱਸਵਾਰ
ਦੁੱਨੀਆ ਲਈ ਜੋ ਤਨ ਮਨ ਹਾਰੇ ਲੇਖ ਦੇ ਨਾ ਅੰਦੇਸ਼

ਹਿਕ ਨੁੱਕਤੇ ਦਾ ਸਫ਼ਰ ਏ ਯਾਰੋ, ਇਸ ਜੀਵਨ ਦੀ ਖੇਡ
ਨਾ ਹੋਣੇ ਤੋਂ ਹੋਣਾ ਏਂ, ਨਾ ਹੋਣਾ ਹੋਣ ਹਮੇਸ਼

ਚਾਰ ਦਿਨਾਂ ਦਾ ਮੇਲ ਸਜੱਣਾ! ਨਾ ਪਾ ਤੇਰ ਤੇ ਮੇਰ
ਪਿੱਛੇ ਛੱਡ ਕੇ ਟੁਰ ਜਾਣਾ ਏਂ, ਯਾਰ ਕਬੀਲੇ ਖ਼ਵੇਸ਼

ਸਿੱਧੇ ਰਾਹ ਤੇ ਟੁਰਿਆ ਜਿਹੜਾ, ਵਿਰਲੇ ਉਹਦੇ ਸੰਗ
ਮੋੜਾਂ ਤੇ ਜੋ ਮੁੜਦਾ ਜਾਵੇ, ਉਹਦੇ ਯਾਰ ਸਭੇਸ਼

ਕੀਤੀ ਦੀ ਸਭ ਮਾਫ਼ੀ ਮੰਗਦੇ, ਨਾ ਕੀਤੀ ਦੀ ਮੰਗ
ਜਦ ਲਗ ਸੋਹਣਾ ਰਾਜ਼ੀ ਨਾਹੀਂ, ਕਿਹੜਾ ਸ਼ੇਰ ਅੰਦੇਸ਼

ਵਾਂਢੇ ਆਇਉਂ ਵਾਂਢੂ 'ਸਾਜਿਦ' ਨਾ ਪਾ ਢੇਰ ਖਿਲਾਰ
ਫ਼ਿਕਰ ਕਰੀਂ ਉਸ ਜੀਵਨ ਸੰਦੀ ਜਿਹੜਾ ਜੀਣ ਹਮੇਸ਼

ਲਾਹੌਰ ਅਗਸਤ ੧੯੯੯

ਜੋਖਾਂ ਜੋਗਾ ਜੀਵਣ ਮਿਲਿਆ
ਜ਼ਹਿਰ ਪਿਅਲਾ ਪੀਵਣ ਮਿਲਿਆ

ਪਿਆਰ ਮੁਹੱਬਤ ਲੱਭਦੇ ਲੱਭਦੇ
ਵਾਰ ਜਿਗਰ ਤੇ ਥੀਵਣ ਮਿਲਿਆ

ਦੁੱਖ ਦੂਜੇ ਦੇ ਆਪਣੇ ਜਾਤੇ
ਫੱਟ ਆਪਣਾ ਨਾ ਸੀਵਣ ਮਿਲਿਆ

ਗ਼ੈਰਾਂ ਨੂੰ ਤੇ ਮੋਢੇ ਦਿੱਤੇ
ਆਪਣਾ ਆਪ ਨਾ ਚੀਵਣ ਮਿਲਿਆ

ਉੱਘ ਨਾ ਮੌਰ ਏ ਉਹਦਾ 'ਸਾਜਿਦ'
ਰਾਹਵਾਂ ਵਿਚ ਖੜੀਵਣ ਮਿਲਿਆ

ਸ਼ਿਕਾਗੋ
ਜੁਲਾਈ ੨੦੦੧

# ਗਲਿਆਰ

ਗੱਲਾਂ ਦੇ ਗੱਲਿਆਰ ਬਥੇਰੇ
ਮੰਗਦੇ ਫਿਰਨ ਉਧਾਰ ਬਥੇਰੇ

ਲੋੜ ਪਈ ਤੇ ਮਿਲੇ ਨਾ ਕੋਈ
ਗੱਲਾਂ ਦੇ ਸਨ ਯਾਰ ਬਥੇਰੇ

# ਲੁੱਟ ਲਓ

ਘਰ ਨੂੰ ਪੈ ਗਏ ਰਾਖੇ ਘਰ ਦੇ, ਜਲਦੀ ਜਲਦੀ ਲੁੱਟ ਲਓ
ਲੁੱਟਣ ਵਾਲਿਆਂ ਇੱਜ਼ਤ ਪਾਈ, ਤੁਸੀਂ ਵੀ ਲੁੱਟ ਕੇ ਫੁੱਟ ਲਓ

ਕਾਇਦ ਤੇ ਇੱਕਬਾਲ ਕਬਰ ਵਿਚ, ਰੋ ਰੋ ਗਿਰਿਆ ਕਰਦੇ
ਅਸੀਂ ਆਂ ਜੁਰਮੀ ਤੁਸੀਂ ਅਦਾਲਤ, ਪਿੰਜਰ ਸਾਡੇ ਪੁਟ ਲਓ

ਬਹੁਤ ਸੁਹਾਗ ਤੇ ਇੱਜ਼ਤਾਂ ਲੁੱਟੀਆਂ, ਗ਼ੈਰਾਂ ਜ਼ੁਲਮ ਕਮਾਏ
ਹੁਣ ਤੇ ਸਾਰੇ ਆਪਣੇ ਏਥੇ, ਹੁਣ ਤੇ ਸੌਦਾ ਖੁੱਟ ਲਓ

ਵਾਰੋ ਵਾਰੀ ਆ ਕੇ ਲੀਡਰ, ਭੁੱਖਾਂ ਪਏ ਮਿਟਾਂਦੇ
ਸੜਨ ਜਦੋਂ ਫ਼ਿਰ ਟੱਪਦੇ ਕਾਹਨੂੰ ਫੜ "ਜ਼ੇਬਾਂ" ਨੂੰ ਜੁੱਟ ਲਓ

ਲੁੱਟਦੇ ਡਾਲਰ, ਬੈਂਕ, ਪਲਾਟ ਤੇ ਮੁੜ ਸਰਕਾਰੀ ਯੂਨਿਟ
ਸਭੋ ਕੁਝ ਡਕਾਰਿਆ ਜਾਵੇ ਗ਼ੈਰਤ ਦਾ ਹੁਣ ਘੁਟ ਲਓ

ਬੇਬੇ ਵਿਕਣੀ ਰਹਿ ਗਈ ਬਾਕੀ, ਹੋਰ ਤੇ ਸੱਭ ਕੁਝ ਮੁਕਿਆ
ਇੱਹਤਸਾਬ ਨਾ ਕਰਨ ਫ਼ਰਿੱਸ਼ਤੇ, ਚੋਰਾਂ ਨੂੰ ਹੁਣ ਬੁਟ ਲਓ

ਚੰਦ ਹਜ਼ਾਰ ਦੇ ਲੱਗ ਭਗ ਸ਼ਿੱਕਰੇ ਬਾਕੀ ਸੱਭੇ ਚਿੜੀਆਂ
ਮਾਰੇ ਛ਼ੀਲ ਅਬਾਬੀਲਾਂ ਨੇ ਖੇਹ ਸਿਰ ਚਿੱੜੀਆਂ ਸੁਟ ਲਓ

ਹਾ ਹਾ ਕਾਰ ਮਚੀ ਏ ਲੁੱਟ ਦੀ, ਗਿਰਝਾਂ ਮਾਸ ਮੁਕਾਏ
'ਸਾਜਿਦ' ਇਹ ਕੁਝ ਵੇਖ ਨਹੀਂ ਸਕਦਾ ਭਾਵੇਂ ਕੀਮਾ ਕੁੱਟ ਲਓ

ਲਾਹੌਰ
ਮਈ ੧੯੯੯

❄

ਲੂੰ ਲੂੰ ਮੇਰਾ ਸੂਈਆਂ ਵਿੰਨ੍ਹੀਆਂ ਫੱਟੜ ਪੋਟੇ ਅੰਬੇ
ਜਾਵੇ ਘਾਅ ਹਿਜਰ ਦੇ ਮੇਰੇ ਹੌਕੇ ਅੱਗ ਦੇ ਲੰਬੇ

ਜੂਹ ਯਾਰ ਦੀ ਚੋਗਾ ਲੱਭਦੇ, ਵੇਲੇ ਸਿੱਮਤਾਂ ਭੁੱਲੇ
ਸੁਰਤ ਸੰਭਾਲਣ ਜੋਗੇ ਨਾਹੀਂ, ਪੱਖੂ ਫਾਂਡੇ ਝੰਬੇ

ਟੁਰੇ ਜ਼ਮਾਨਾ ਵਾਅ ਤੋਂ ਅੱਗੇ, ਕੌਮ ਨਾ ਮੇਰੀ ਹੱਲੇ
ਗੁਲ ਮੁਹੰਮਦ ਡਟੇ ਖਲੋਤੇ ਪੰਜ ਸੌ ਕੇ ਵੀ ਖੰਬੇ

ਮਾਲ ਰੋਡ ਤੇ ਕਾਬਜ਼ ਮੰਗਤੇ ਪਰ, ਨਾਅਰੇ ਤੇ ਵੇਖੋ
ਝੰਡੇ ਆਖਣ ਗੱਡ ਕੇ ਛੱਡਣੇ, ਦਿੱਲੀ ਅਤੇ ਬੰਬੇ

ਬੰਜਰ ਧਰਤੀ ਤਾਂ ਫਲ ਚਾਵੇ, ਮੁੜ੍ਹਕੇ ਨਾਲ ਰਣਵਾਈਏ
ਦੂਹਰੇ ਤਿਹਰੇ ਸੀਂ ਸੁਹਾਗੇ, ਗੋਡੀ ਕਹੀਆਂ ਰੰਬੇ

ਹੀਰੇ ਮੋਤੀ ਇਤਰ ਫ਼ਲੇਲਾਂ ਤਸਬੀ ਰੱਬ ਦੀ ਬੰਦੇ
ਬੇ-ਹਿੱਸ ਜੇਕਰ ਹੋਵੇ ਕੋਈ ਮਿੱਟੀ ਮੋਤੀਆ ਚੰਬੇ

ਬੇ-ਅੱਮਲੀ ਬੱਦ-ਅੱਮਲੀ ਕੋਲੋਂ ਚੰਗਾ ਅਮੱਲ ਕਹਾਵੇ
ਅੱਮਲਾਂ ਤੇ ਭਰਵਾਸਾ ਕਾਹਦਾ 'ਸਾਜਿਦ' ਥਰ ਥਰ ਕੰਬੇ

ਲਾਹੌਰ
ਅਗਸਤ ੧੯੯੯

ਉਹ ਯਾਦ ਵੀ ਕੇਡ ਸੁਹਾਣੀ ਏਂ
ਮਨ ਮਹਿਕੇ ਰੂਪ ਜਵਾਨੀ ਏਂ

ਮੈਂ ਜਿੰਦ ਦਾ ਤੁਹਫ਼ਾ ਪੇਸ਼ ਕਰਾਂ
ਇਹ ਨਿੱਕੀ ਚਰਜ ਨਿਸ਼ਾਨੀ ਏਂ

ਕਰ ਵਾਹਦਾ ਸੁਫ਼ਨੇ ਨਾ ਆਣਾ
ਇਹ ਰੀਤ ਤੇ ਬਹੁਤ ਪੁਰਾਣੀ ਏਂ

ਕਦ ਸ਼ਿੱਕਵੇ ਤੇਰੇ ਮੁਕਣੇ ਨੇਂ
ਅਸਾਂ ਆਪਣੀ ਕਥਾ ਸੁਨਾਣੀ ਏਂ

ਮੈਂ ਹੋਰਾਂ ਨੂੰ ਕੀ ਜਾਂਚਾਂ ਗਾ
ਜਦ ਆਪਣੀ ਜ਼ਾਤ ਅਣਜਾਣੀ ਏਂ

ਮੈਂ ਅੱਜ ਨੂੰ ਰੋਜ਼ ਭੁਲਾਨਾ ਵਾਂ
ਕਲ ਮੇਰਾ ਦਰਦ ਕਹਾਣੀ ਏਂ

ਹੱਥ ਸ਼ਾਮਲ ਦੇ ਨਹੀਂ ਰੁਕਦੇ, ਪਰ
ਹੱਦ ਸਬਰ ਦੀ ਅਸਾਂ ਮੁਕਾਣੀ ਏਂ

ਬਿਨ ਤੇਲ ਦੇ ਬੱਤੀ ਜਿਉਂ ਸੜਦੀ
ਪਈ ਧੁਖਦੀ ਜਿੰਦ ਨਿਮਾਣੀ ਏਂ

ਤੂੰ ਲਗੇ ਘਾਅ ਲੁਕਾ 'ਸਾਜਿਦ'
ਟੋਹ ਲੋਕਾਂ ਢੇਰ ਲਗਾਣੀ ਏਂ

ਲਾਹੌਰ
ਸਤੰਬਰ ੧੯੯੯

❄

ਵਾਅ ਵਰੋਲੇ ਖ਼ੱਤਰਾ ਬਣਦੇ, ਚੜ੍ਹਦੇ ਉੱਚ ਅੱਸਮਾਨਾਂ
ਭੁੱਖ ਵਰੋਲੇ ਝੁੱਲਣ ਹਾਰੇ, ਕਰ ਲਓ ਕੁਝ ਕਸਮਾਨਾਂ

ਭੌਂਤਲ ਕੇ ਮੈਂ ਸਜਣਾਂ ਨੂੰ ਵੀ ਵੇਖਾਂ ਵਾਂਗ ਅਣਜਾਨਾਂ
ਗੱਲੀਂ ਬਾਤੀਂ ਸੱਦਕੇ ਵਾਰੀ, ਨੇੜੇ ਵਿਚ ਕਰਪਾਨਾਂ

ਉਹਦਾ ਤੇ ਇਹ ਹੱਸਣ ਖੇਡਣ, ਲਾਵੇ ਤੇ ਭੁਲ ਜਾਵੇ
ਮੈਂ ਦੂਈ ਦੀ ਤਲਬ ਨਾ ਰੱਖਦਾ, ਲਾ ਕੇ ਕੀ ਪਛਤਾਨਾਂ

ਜੋਬਨ ਜੋਸ਼ ਜਵਾਨੀ ਢੱਠੇ, ਸੁਫ਼ਣਾ ਟੁੱਟਣੇ ਆਇਆ
ਮੁੱਛਾਂ ਸਾਫ਼ ਕਰਾਈ ਜਾਨਾਂ. ਸਿਰ ਨੂੰ ਪਿਆ ਵੱਸਮਾਨਾਂ

ਮੈਂ ਇੰਨਸਾਫ਼ ਨਜ਼ਾਮ ਵਤਨ ਦਾ, ਮੈਥੋਂ ਮੋਮ ਵੀ ਸੰਗੇ
ਤਗੜੇ ਨੂੰ ਮੈਂ ਸਰ ਸਰ ਕਰਨਾਂ, ਮਾੜੇ ਅੱਖ ਵਖਾਨਾਂ

ਜੰਗਲ ਦਾ ਬੱਬਰ ਏ ਝੂਠਾ, ਸ਼ੁਹਦੇ ਹੁਕਮ ਚਲਾਵਣ
ਸੱਚ ਦੇ ਮੂੰਹ ਜਦ ਪਾਣੀ ਪਾਨਾਂ, ਪੁੱਠੀ ਖਲ੍ਹ ਲੁਹਾਨਾਂ

ਘੱਲੇ ਰੱਬ ਦਰੂਦ ਨਬੀ ਤੇ, ਸਭ ਮਖ਼ਲੂਕ ਵੀ ਜੱਪਦੀ
ਪਿਆਰ ਦੀ ਸਾਂਝ ਬਣਾ ਕੇ ਰੱਬ ਨੇ ਬੱਖ਼ਸ਼ਿਆ ਹੁਸਨ ਜਹਾਨਾਂ

ਮੈਂ ਵੀ ਵਾਹ ਵਾਹ ਕਰਦਾ ਜਾਵਾਂ, ਪਿਆ ਵਜਾਵਾਂ ਤਾੜੀ
ਆਪ ਤੇ ਮੈਨੂੰ ਸਮਝ ਨਾ ਆਵੇ, ਹੋਰਾਂ ਨੂੰ ਸਮਝਾਨਾਂ

ਜੁਵਾ ਜੋਕ ਪਈ ਰੱਤ ਪੀਵੇ, ਕਲ ਨੂੰ ਕੌਣ ਉਡੀਕੇ
ਨਿਕੇ ਤੇ ਅਜ ਹਰ ਇਕ ਖੇਡੇ, ਖੇਡ ਵਡੇ ਸੁਲਤਾਨਾਂ

ਵਕਤ ਟਪਾਊ ਹਰ ਥਾਂ ਬੈਠੇ, ਸੱਦੀਆਂ ਬਦਲਣ ਭਾਵੇਂ
ਰੱਬ ਈ ਬਦਲੇ ਕੌਮ ਦੀ ਹਾਲਤ, ਢੱਠੀ ਵਿਚ ਖਤਾਨਾਂ

ਖਾਂਦੀ ਜਾਵੇ ਵਾੜ ਫ਼ਸਲ ਨੂੰ, ਆਖਣ ਬੱਲੇ ਬੱਲੇ
ਵਾਂਝੀ ਗਈ ਏ ਅਕਲ ਨਿਮਾਣੀ 'ਸਾਜਿਦ' ਹੋਸ਼ ਭੁਲਾਨਾਂ

ਲਾਹੌਰ
ਅਗਸਤ ੧੯੯੯

❄

ਤੈਂ ਥੀਂ ਪਿਆਰ
ਹੈ ਦਿਲਦਾਰ
ਭੁਲੇ ਕੌਣ
ਕੌਲ ਕਰਾਰ
ਅੱਥਰੀ ਲੋੜ
ਪਰਖੇ ਯਾਰ
ਦਿਲ ਨਾ ਛੱਡ
ਜਾਸੇਂ ਹਾਰ
ਹਿਰਸ ਦੇ ਰੋਗ
ਕਰਨ ਖ਼ਵਾਰ
ਸੋਹਣਾ ਰੂਪ
ਅਸਲ ਸ਼ਿੰਗਾਰ
ਭੈੜੇ ਸੰਗ
ਲਾਹਣ ਨਾ ਪਾਰ
ਹਿੰਮਤ ਨਾਲ
ਜੀਣ ਗੁਜ਼ਾਰ
ਸੱਜਣ ਵੇਖ
ਮੰਗ ਉਧਾਰ
ਬਦੀ ਤਿਆਗ
ਜਿੰਦ ਸੰਵਾਰ
ਨਿੱਯਤ ਸਾਫ਼
ਬੇੜੇ ਪਾਰ
ਤਿੱਖੇ ਨੈਨ
ਜਾਂਦੇ ਮਾਰ
ਆਵੀਂ ਛੇਤੀ
'ਸਾਜਿਦ' ਯਾਰ

ਲਾਹੌਰ
ਜੂਨ ੧੯੯੯

✻

ਪੀੜ ਸਮੇ ਦੀ ਕੂੜ ਸਮੱਮਿਆ' ਹਰਫ਼ਾਂ ਤਾਕਤ ਨਾਹੀਂ
ਨੈਨ ਕਟਾਰੀ, ਕਰਮੋਂ ਕੁੱਟਿਆ, ਤੜਫਾਂ, ਤਾਕਤ ਨਾਹੀਂ

ਨਾਂਵੇਂ ਦੇ ਨੇਂ ਲੋਕ ਦੀਵਾਨੇ, ਲਾਜ ਸ਼ਰਮ ਨਾ ਕਾਈ
ਉੱਚ ਅੱਸ਼ਨਾਈ ਪਾਲਣ ਦੀ, ਕੰਮ ਜ਼ਰਫ਼ਾਂ ਤਾਕਤ ਨਾਹੀਂ

ਸਰਫ਼ੇ ਕਰ ਕਰ ਮਾਲ ਬਚਾਵਣ, ਜੋੜਨ ਪਿੱਛਲਿਆਂ ਵਾਤੇ
ਮਿੱਤ ਮੰਗੇ ਤੇ ਜਾਨ ਵੀ ਹਾਜ਼ਰ, ਸਰਫ਼ਾਂ ਤਾਕਤ ਨਾਹੀਂ

ਅੱਕਸਾ ਤੋਂ ਮੂੰਹ ਹਰਮ ਨੂੰ ਕੀਤਾ, ਜਾਰੀ ਵਿਚ ਨਮਾਜ਼ੇ
ਹੁਕਮ ਖ਼ੁਦਾ ਬਿਨ ਕਿੱਬਲਾ ਠਹਿਰਨ, ਤਰਫ਼ਾਂ ਤਾਕਤ ਨਾਹੀਂ

ਜ਼ੁਲਮ ਫ਼ਰਾਡ ਨਜ਼ਾਮ ਮੁਲਕ ਦਾ, ਭੁੱਖ ਨੰਗ ਮੌਤ ਮਨਾਦੀ
ਲਾਹਵਾਂ ਸ਼ਾਮੋਂ ਪਹਿਲ਼ੇ ਇਹਦੀਆਂ ਲੱੜਫ਼ਾਂ ਤਾਕਤ ਨਾਹੀਂ

ਨੀਲਾ ਥੋਥਾ ਜੁੱਸਾ ਕੱਜੀਏ ਤੱਨ ਜ਼ਖ਼ਮਾ ਮੁਸਕਾਈਏ
ਹਿਜਰ ਹਸ਼ਰ ਦੀ ਤਪਸ਼ ਘਟਾਵਣ,ਬਰਫ਼ਾਂ ਤਾਕਤ ਨਾਹੀਂ

ਕੂੜ ਕ੍ਰੱਪਸ਼ਨ ਹਾਵੀ 'ਸਾਜਿਦ' ਸੱਚ ਨੇ ਨੀਵੀਂ ਪਾਈ
ਨੀਚ ਸ਼ਰੀਫ਼ ਦਾ ਵੇਰਵਾ ਕਰ ਕੇ ਝੱੜਫਾਂ ਤਾਕਤ ਨਾਹੀਂ

ਲਾਹੌਰ
ਜੁਲਾਈ, ੧੯੯੯

❄

ਦੁਖ ਮੁਸੀਬਤ, ਟੈਨਸ਼ਨ ਝੱਲੀ, ਲੁੱਟ ਨੂੰ ਡੱਕਦੇ ਡੱਕਦੇ
ਕਿਸੇ ਨਾ ਉਹਦੀ ਕਦਰ ਪਛਾਣੀ, ਥੱਕ ਗਿਆ ਥੱਕਦੇ ਥੱਕਦੇ

ਬੀਨ ਨਵੀਂ ਪਰ ਰਾਗ ਪੁਰਾਣਾ, ਮੱਜਮਾ ਮੱਗ਼ਜ਼ੋਂ ਖ਼ਾਲੀ
ਸਭ ਦੇ ਤੰਬੇ ਕੁਰਤੇ ਲਹਿ ਗਏ, ਪਲ ਵਿਚ ਤੱਕਦੇ ਤੱਕਦੇ

ਆਖਣ ਨੂੰ ਹਰ ਹਾਕਮ ਆਖੇ, ਸੁੱਥਰੀ ਟੀਮ ਬਣਾਸਾਂ
ਸਗਵੇਂ ਚੋਰ ਹਮੇਸ਼ ਈਵਾਨਾਂ, ਵੜਦੇ ਧੱਕਦੇ ਧੱਕਦੇ

ਦੀਨ ਧਰਮ ਤੇ ਗ਼ੈਰਤ ਵੇਚਣ, ਬੁਰਕੀਂ ਬੁਰਕੀ ਲੱਭਦੇ
ਵੱਤਨੀ ਮੇਰੇ ਮਰ ਮੁਕ ਚੱਲੇ, ਵਾਹਦੇ ਫੱਕਦੇ ਫੱਕਦੇ

ਨਹੁੰ ਨਚੋੜ ਸਮੁੰਦਰ ਭਰਦੇ, ਪੀ ਪੀ ਰੱਜਦੇ ਨਾਹੀਂ
ਰੱਤ ਦਾ ਰੱਸੀਆ, ਪੇਟੇ ਵਡੇ, ਮੁੜ ਮੁੜ ਲੱਕਦੇ ਲੱਕਦੇ

ਵਿੱਚਲਾ ਤਬਕਾ ਥੱਲੇ ਵੜਿਆ, ਥਲੇ ਵਾਲਾ ਘਰੂਨ੍ਹੇ
ਕੱਛ ਵਿਚ ਮਾਰਿਆ ਕੱਛਾ ਕਿਨ੍ਹੇ, ਪੜਦਾ ਢੱਕਦੇ ਢੱਕਦੇ

ਧੋਬੀ ਪੱਟੜਾ ਜਦ ਵੀ ਲੱਗਸੀ, ਗੂੜ੍ਹੇ ਦਾ ਰੰਗ ਜਾਸੀ
ਫਿੱਕਾ ਬੇ-ਕਲ ਬ-ਰੰਗੀ ਤੇ, ਅੱਕਸੀ ਅੱਕਦੇ ਅੱਕਦੇ

ਨਾ ਈਂ ਥਿੰਦੇ ਹੋਠ ਨੇਂ ਤੇਰੇ, ਨਾ ਈਂ ਰੱਤ ਗ਼ੱਦਾਰਾਂ
ਤੈਨੂੰ ਕੌਣ ਮੁਅੱਜ਼ਜ਼ ਮੰਨਦਾ, ਬਸ ਕਰ ਬੱਕਦੇ ਬੱਕਦੇ

ਚੋਰ ਨੂੰ ਕੁਤਬ ਬਨਾਵਣ ਮਿਲ ਕੇ, ਹੱਕ ਇੰਨਸਾਫ਼ ਦੇ ਰਾਖੇ
ਮੁੱਨਸਫ਼ ਦਾ ਪੱਖ ਪੁੱਛਣ 'ਸਾਜਿਦ' ਲੋਕੀ ਝੱਕਦੇ ਝੱਕਦੇ

❦

ਲਾਹੌਰ
ਅਗਸਤ ੧੯੯੯

# ਭੁਲ

ਤਾਈ ਨੂੰ ਮੈਂ ਦੱਸਿਆ ਮੈਂ ਮਾਸੀ ਵਲ ਗਈ ਸਾਂ
ਮਾਂ ਨੂੰ ਆਖਿਆ ਕਿ ਉਧਰ ਕਿੱਧਰੇ ਵਈ ਸਾਂ

ਮਾਂ ਤੇ ਸਿਆਣੀ ਸੀ ਪਰ ਤਾਈ ਵੱਢ ਖਾਣੀ ਸੀ
ਮੈਂ ਕਾਹਨੂੰ ਦੱਸਦੀ, ਮੈਂ ਕੋਠੇ ਟੱਪ ਰਹੀ ਸਾਂ

ਲੰਘੀ ਜਾਵਾਂ ਬਾਜਰੇ ਦੇ ਟਾਂਡੇ ਮੈਂ ਸੰਵਾਰ ਕੇ
ਚਾਚੀ ਨੂੰ ਮੈਂ ਦੱਸਿਆ ਕਿ ਸਰ੍ਹਿਉਂ 'ਚ ਗਈ ਸਾਂ

ਚਾਚੀ ਮੂੰਹ ਤੱਕਿਆ ਕਿ ਭਾਦਰੋਂ 'ਚ ਸਰ੍ਹਿਉਂ
ਕਿਵੇਂ ਮੈਂ ਵਲੱਲੀ ਹੋਈ , ਕਿੱਥੇ ਭੁਲ ਪਈ ਸਾਂ

ਮੈਂ ਕਦ ਭੁੱਲੀ ਸਾਂ, ਮੈਂ ਸੱਚੋ ਸੱਚ ਆਖਿਆ
ਮਨ ਵਿਚ ਜੜੀ ਫੁੱਲੀ, ਮੈਂ ਉਹਦੇ ਜਹੀ ਸਾਂ

ਮੱਥੇ ਤੇ ਤ੍ਰੇਲੀਆਂ ਤੇ ਸਾਹ ਮੇਰੇ ਉੱਖੜੇ
ਚੋਰੀ ਚੋਰੀ ਛੁੱਪਦੀ ਜੋ ਚਾਨਣੇ 'ਚ ਬਹੀ ਸਾਂ

ਚੁੰਨੀ ਨਹੀਂ ਸੀ ਪੱਟਕਾ ਮੈਂ ਸਿਰ ਉੱਤੇ ਰਖਿਆ
ਚੁੰਨੀ ਲਈ ਮੈਂ ਸੋਚਦੀ, ਕਿਹਦੇ ਨਾਲ ਖਹੀ ਸਾਂ

ਐਵੇਂ ਭੁਲ ਜਾਵਣਾ, ਤੇ ਦਿਲ 'ਚ ਲੁਕਾਵਣਾ
ਇਹ ਤੇ ਰੀਤ ਆਸ਼ਕਾਂ ਦੀ, ਇਸ ਗਲੀ ਨਈ ਸਾਂ

ਜਦੋਂ ਦਾ ਮੈਂ ਤੱਕ ਬੈਠੀ, ਖੁਲ੍ਹੀ ਅੱਖ ਸੁਫ਼ਣਾ
ਅੱਖੀਆਂ ਦੀ ਠੰਡ ਲਈ, ਘੋਲ ਘੋਲਈ ਸਾਂ

ਉਹ ਸੀ ਸ਼ੁਹਦਾ ਸੰਗਦਾ ਤੇ ਲੱਬ ਵੀ ਨਾ ਹਿੱਲਦੇ
ਰੰਗ ਛੱਕ ਹੋਇਆ ਉਹਦਾ, ਮੈਂ ਚੁੱਪ ਥਈ ਸਾਂ

ਲਾਈ ਏ ਜੋ ਭੁਲ ਕੇ ਮੈਂ, ਉਹ ਕਿਵੇਂ ਨਿੱਭੇ ਗੀ
'ਸਾਜਿਦ' ਹੁਣ ਡੂੰਘੀਆਂ, ਸੋਚਾਂ ਵਿਚ ਪਈ ਸਾਂ

ਲਾਹੌਰ
ਮਈ ੧੯੯੯

❄

ਪਏ ਦਰਦ ਵੰਡਾਏ ਸਾਕਾਂ ਦੇ, ਦੁਖ ਗ਼ੈਰਾਂ ਲਈ ਵੀ ਜਰਦਾ ਰਿਹਾ
ਕੁਝ ਫ਼ਰਕ ਨਾ ਆਪਣੇ ਗ਼ੈਰਾਂ ਦਾ,ਖ਼ੁੱਸ਼ ਰਹਿਣ  ਜੇ ਮੱਤਲਬ ਸੱਰਦਾ ਰਿਹਾ

ਅੱਜ ਆਪਾ ਧਾਪੀ ਜ਼ੋਰਾਂ ਤੇ, ਮਾਂ ਪੁੱਤ ਦੀ ਭਾਲ ਵੀ ਛੱਡ ਗਈ ਏ
ਉਹ ਫ਼ੇਰ ਵੀ ਕੱਟ ਕੱਟ ਪੇਟ ਆਪਣਾ, ਸੱਜਣਾਂ ਦੇ ਖੀਸੇ ਭਰਦਾ ਰਿਹਾ

ਪਏ ਹੱਸ ਹੱਸ ਮਿਲਦੇ ਝੁਕ ਝੁਕ ਕੇ, ਫ਼ਿਰ ਅੱਖਾਂ ਧਰਦੇ ਮੱਥੇ ਤੇ
ਸੱਭ ਯਾਰ ਨੇਂ ਆਪਣੀਆਂ ਗ਼ਰਜ਼ਾਂ ਦੇ, ਉਹ ਯਾਰੀ ਨੂੰ ਉੱਚਾ ਕਰਦਾ ਰਿਹਾ

ਹਰ ਢੱਬ ਦੇ ਪਿੜ ਵਿਚ ਲਹਿ ਡਿੱਠਾ, ਮੈਂ ਗੱਤਕੇ ਖੇਡੇ ਰੰਗ ਰੰਗ ਦੇ
ਕਈ ਤਾਰੂ ਡੁੱਬਦੇ ਵੇਖੇ ਨੇਂ, ਪਰ ਡੁੱਬ ਡੁੱਬ ਕੇ ਮੈਂ ਤਰਦਾ ਰਿਹਾ

ਉਥੇ ਹਰ ਇਕ ਮੈਥੋਂ ਵਡਾ ਸੀ, ਪਰ ਵੱਡ ਨਿਭਾਏ ਨਿੱਕੇ ਨੇ
ਉਹ ਕੰਡੇ ਸੁੱਟਣ ਰਾਹਵਾਂ ਤੇ, ਹੱਥ ਪੈਰਾਂ ਹੇਠ ਮੈਂ ਧਰਦਾ ਰਿਹਾ

ਅੱਜ ਉਹ ਹੁੱਸ਼ਿਆਰ ਸਦਾਂਦਾ ਏ, ਜਿਹਦੀ ਜਿੱਭ ਵਲਾਂਵੇਂ ਖਾਂਦੀ ਏ
ਜਿਸ ਭਰਮ ਭਰੋਸੇ ਨਾ ਛੱਡੇ, ਉਹ ਬਾਜ਼ੀ ਜਿੱਤ ਕੇ ਹਰਦਾ ਰਿਹਾ

ਹੁੰਡਾ ਦੀ ਡੈਕ ਤੋਂ ਚੰਗੀ ਏ, ਇਹ ਚੈਂ ਚੈਂ ਮੇਰੀ ਸਾਈਕਲ ਦੀ
ਇਕ ਸ਼ੋਰ ਸ਼ਰਾਬਾ ਰਿਸ਼ਵਤ ਦਾ, ਇਕ ਰੌਲਾ ਮੇਰਾ ਪਰਦਾ ਰਿਹਾ

ਅਸੀਂ ਮਿਹਰ ਮਿੱਤਰ ਦੇ ਮਾਰੇ ਆਂ, ਤੇ ਮੂਹਰੇ ਮਿਹਰਾਂ ਪਏ ਕਰਦੇ
ਸਭ ਮਰਨ ਤੋਂ ਡਰ ਡਰ ਮਰਦੇ ਨੇਂ, ਮੈਂ ਮਰਨੇ ਉਹਦੇ ਮਰਦਾ ਰਿਹਾ

ਹੱਥ ਕੰਬਣ ਕਾਸਾ ਖ਼ਾਲੀ ਏ, ਉਸ ਫ਼ੈਜ਼ ਲੁਟਾਏ ਗ਼ੈਰਾਂ ਤੇ
ਪਰ ਮੈਂ ਦਰ ਦਰ ਤੇ ਨਹੀਂ ਫਿਰਿਆ, ਬੱਸ ਹਿਕੋ ਦਰ ਦਾ ਬਰਦਾ ਰਿਹਾ

ਇਹ ਹਿੱਕਮਤ ਅਕਲ ਦਲੀਲਾਂ ਨੇਂ, ਪਰ 'ਸਾਜਿਦ' ਸੋਚਦਾ ਕਿਹੜਾ ਏ
ਹਿਕ ਬਰਛਾਂ ਸਾੜਨ ਘਾਅ ਸਾਵੇ, ਹਿਕ ਦੀਵਾ ਬਲ ਬਲ ਠਰਦਾ ਰਿਹਾ

ਲਾਹੌਰ
ਅਕਤੂਬਰ ੧੯੯੯

❄

ਮਾਰ ਮਾਰ ਕੇ ਮੈਂ ਮੁਕ ਚਲਿਆਂ, ਮਰਦਾ ਨਹੀਂ ਮਰਦੂਦ
ਮੂੰਹ ਮਾਰਨ ਤੋਂ ਮੋੜੀ ਜਾਵਾਂ, ਟੱਪ ਨਾ ਜਾਏ ਹਦੂਦ

ਚੰਗਿਆਂ ਦੀ ਚੰਗਿਆਈ ਬੋਲੇ, ਸੱਭੇ ਆਦਮ ਜ਼ਾਦ
ਹਿੰਦੂ ਮੁਸਲਿਮ ਸਿੱਖ ਈਸਾਈ, ਪਾਰਸੀ ਬੁੱਧ ਯਹੂਦ

ਰੋਟੀ ਨਾਹੀਂ ਮਿੱਟੀ ਭਰਸੀ, ਭੁੱਖੇ ਨੇਂ ਜੋ ਪੇਟ
ਹਾਕਮ ਸਭ ਕੁਝ ਲੁਟ ਕੇ ਵੰਡਦੇ, ਭੁੱਖ ਦੇ ਬੰਬ ਬਰੂਦ

ਸਿੱਕ ਮਿੱਤਰ ਦੀ ਮਨ ਵਿਚ ਫੁੱਲੀ, ਉੱਠ ਤੈਬਾ ਵਲ ਭੱਜ
ਸ਼ਾਲਾ ਨਜ਼ਰ ਕਰਮ ਦੀ ਹੋਵੇ, ਜੱਪਦਾ ਰਹਾਂ ਦਰੂਦ

ਤੱਸੀ ਖੇਤੀ ਸਾਵਣ ਪੁੱਜੀ, ਪੀਂਘਾਂ ਪੈਣ ਅੱਸਮਾਨ
ਮਸਤੀ ਵਿਚ ਫ਼ਜ਼ਾਵਾਂ ਆਈਆਂ, ਛਿੜ ਗਏ ਰਕਸ ਸਰੂਦ

ਮੁੜ ਮੁੜ ਸ਼ੀਸ਼ੇ ਅੱਗੇ ਜਾਵੇ, 'ਸਾਜਿਦ' ਨੂੰ ਕੀ ਭੁਲ
ਇਹ ਭਾਂਡਾ ਤੇ ਭੱਜਣ ਹਾਰਾ, ਬੁੱਬਲੇ ਵਾਂਗ ਵਜੂਦ

❦

ਸ਼ਿਕਾਗੋ
ਨਵੰਬਰ ੧੯੯੯

# ਸਾਂਝ

ਹਰ ਇਕ ਨੂੰ ਅੱਖਾਂ ਤੇ ਬਿਠਾਓ, ਮਤਲਬ ਬਿਨਾਂ ਖ਼ਲੂਸ ਜਤਾਓ
ਮੰਦਾ ਵੀ ਜੇ ਬੋਲੇ ਕੋਈ ਫ਼ੇਰ ਵੀ ਹੱਸ ਕੇ ਹੱਥ ਵਧਾਓ

ਬੇੜੀ ਦਾ ਇਹ ਪੂਰ ਏ 'ਸਾਜਿਦ' ਸਾਰੇ ਮਿਲ ਕੇ ਖ਼ੈਰਾਂ ਮੰਗੋ
ਪੱਤਣ ਤੇ ਪੁਜ ਵੱਖ ਹੋ ਜਾਣਾ, ਯਾਦ ਰਹਿਵੇ ਉਹ ਸਾਂਝ ਬਣਾਓ

ਸ਼ਿਕਾਗੋ
ਅਕਤੂਬਰ ੨੦੦੪

ਦੀਵਾ ਬਾਲ ਹਵਾ ਦਾ ਰੁਖ਼ ਨਾ ਪੁਛ, ਬੁਝੱਣ ਵਾਲੇ ਤੇ ਸਾਹ ਨਾਲ ਬੁੱਝ ਜਾਂਦੇ
ਜੇਕਰ ਨਜ਼ਰ 'ਚ ਮੁਖ ਮਹਿਬੂਬ ਹੋਵੇ, ਢੰਗ ਬੁੱਝਣ ਤੇ ਬਲਣ ਦੇ ਸੁੱਝ ਜਾਂਦੇ

ਭਾਂਬੜ ਨਾਰ 'ਚ ਦਰ ਤੇ ਫੁਲ ਖਿੜਦੇ, ਘੁਟ ਮੌਤ ਦਾ ਮਿੱਤ ਵਿਸਾਲ ਦੇਵੇ
ਲੱਗੀ ਅੱਖ ਤੇ ਅਕਲ ਅਜ਼ਾਬ ਟਲਿਆ, ਨਹੀਂ ਤੇ ਸੋਚ ਸਰਾਬ 'ਚ ਰੁੱਝ ਜਾਂਦੇ

ਮੇਰੇ ਅਮਲ ਵਖਾਲਾ ਤੇ ਨਿੱਯਤ ਡੋਲੇ, ਬੇੜੀ ਫ਼ੇਰ ਵਿਚ ਭੰਵਰ ਦੇ ਡੋਲਦੀ ਨਹੀਂ
ਗਿੱਦੜ ਅੱਸੀਆਂ ਮੇਰੀਆਂ ਪਾਏ ਥਾਂ ਥਾਂ, ਝੁਲਦੇ ਕਰਮ ਦੇ ਝੱਖੜ ਤੇ ਹੁਝ ਜਾਂਦੇ

ਲੰਘਾਂ ਅੱਖ ਦੀ ਵੱਖ ਤੇ ਪੁੜਾਂ ਰਾਹੀਂ ਪੀਠੀ ਜਾਂ,ਨਾ ਅੱਟਕਾਂ ਮੈਂ ਨਾਲ ਕਿੱਲੀ
ਜਿਨ੍ਹਾਂ ਝੱਲਣੇ ਤਾਅ ਤੰਦੂਰ ਅੰਦਰ, ਸੰਗ ਮੇਦਿਆਂ ਛਾਣ ਵੀ ਗੁੱਝ ਜਾਂਦੇ

ਝੱਲ ਔਕੜਾਂ 'ਨਾ' ਵਿਚ ਹਾਂ ਹੋ ਜਾਂ, ਚੁੱਭੀ ਮਾਰ ਕੇ ਯਾਰ ਦੇ ਰੰਗ ਰੰਗਾਂ
ਜਿਹੜੇ ਲੱਗੀਆਂ ਤੋਲਦੇ ਤੋਲਣੇ ਤੇ, ਗੱਡੀ ਇਸ਼ਕ ਦੀ ਸਦਾ ਉਹ ਖੁੰਜ ਜਾਂਦੇ

ਸੂਰਜ ਸਾਈਂ ਨੇ 'ਸਾਜਿਦ' ਗੋਦ ਚੁਕਿਆ, ਪਿਆਰ ਸਾੜ ਕੇ ਰੰਗ ਸੰਵਾਰਦਾ ਏ
ਬਹੁਤਾ ਚਾਨਣਾ ਕਰ ਹਨੇਰ ਦੇਵੇ, ਜੁਗਨੂ ਯਾਰ ਸਾਨੂੰ ਮਾਰੀ ਹੁੱਝ ਜਾਂਦੇ

ਲਾਹੌਰ
੯ ਸਤੰਬਰ ੧੯੯੯

# ਨਿਰਦੋਸ਼

ਪੰਜ ਸੱਤ ਨੇਂ ਖ਼ੁੱਦ ਕੁੱਸ਼ੀਆਂ ਹਰ ਦਿਨ, ਜੋ ਅਖ਼ਬਾਰ 'ਚ ਪੜ੍ਹਨਾ ਵਾਂ
ਬੇ-ਵਸਿਆਂ ਨਿਰਦੋਸ਼ਾਂ ਦਾ ਲਹੂ, ਸਿਰ ਤੱਕਦੀਰ ਦੇ ਮੜ੍ਹਨਾ ਵਾਂ

ਇਸ਼ਕ ਮੁਹੱਬਤ ਗ਼ਜ਼ਲ ਕਸੀਦੇ, ਏਥੇ ਕਿਹੜਾ ਲਿਖ ਸਕਦੈ
ਮੁਕਿਆਂ ਨੂੰ ਮੈਂ ਵੇਖ ਕੇ ਮੁਕਦਾ, ਹਰ ਸਾਹ ਸੂਲੀ ਚੜ੍ਹਨਾ ਵਾਂ

ਲਾਹੌਰ
ਅਗਸਤ ੧੯੯੯

❄

ਪਿਆਰ ਬਿਨਾਂ ਸਭ ਜਗ ਬੇ ਰੰਗ
ਯਾਰ ਬਿਨਾਂ ਹਾਂ ਮੈਂ ਬੇ ਅੰਗ

ਪਿਆਰ ਸੱਜਣ ਦਾ ਛਲਕੇ ਇੰਝ
ਕਰਦਾ ਪਿਆ ਨਿਹਾਲ ਬੇ ਮੰਗ

ਮਿਲਦਾ ਪਿਆਰ ਜੋ ਲਿਖਿਆ ਲੇਖ
ਦੱਸ ਦੇ ਕਾਹਨੂੰ ਬਣਾਂ ਬੇ ਲੰਗ

ਹੱਥ ਫੜਨੇ ਦੇ ਢੇਰਾਂ ਪੱਜ
ਨਾ ਰੱਖੀਂ ਵੀਣੀ ਬੇ ਵੰਗ

ਹੁੱਲੇ ਜ਼ੁਲਫ਼ ਤੇ ਭੁਲੇ ਹੋਸ਼
ਆਖੇ ਕੌਣ ਇਹ ਹੈ ਬੇ ਡੰਗ

ਮੈਂ ਲੋਹਿਆ, ਪਾਰਸ ਏ ਮੀਤ
ਰਹਿਸਾਂ ਮੈਂ ਹੁਣ ਸਦਾ ਬੇ ਜ਼ੰਗ

ਆਪ ਜਿਨ੍ਹਾਂ ਨੂੰ ਸਮਝ ਨਾ ਸਾਰ
ਕਹਿੰਦੇ 'ਸਾਜਿਦ' ਨੂੰ ਬੇ ਢੰਗ

ਲਾਹੌਰ
ਜੁਲਾਈ ੧੯੯੯

❄

ਵੱਤਨੀ ਅਜ ਸੁਖਾਲਾ ਹੋਇਆ, ਮਿਹਨਤ ਤੋਂ ਕੱਤਰਾਵੇ
ਵੇਲਾ ਕੰਡ ਹੁਣ ਕੀਤੀ ਜਾਂਦਾ, ਕੌਣ ਉਹਨੂੰ ਪਲਟਾਵੇ

ਕੌਮ ਦਾ ਮੁਖ਼ਲਿਸ ਰਹਿਬਰ ਵੱਡਾ, ਹਰ ਇਕ ਕਾਇਦ ਸਦਾਵੇ
ਜ਼ਰਗਾਂ ਦਾ ਉਹ ਪੀਰ ਪੁਜਾਰੀ, ਝੂਠੇ ਰੰਗ ਜਮਾਵੇ

ਹਿਕ ਕ੍ਰੱਪਸ਼ਨ ਕਰ ਕੇ ਦੂਜਾ ਪਿਆ ਮੁਕਾਣ ਤੇ ਖਾਵੇ
ਛੋਲਿਆਂ ਦੀ ਰਾਖੀ ਏ ਖੋਤਾ, ਖਾਵੇ ਦੁੱੜਕੀ ਲਾਵੇ

ਜੋੜ ਤੋੜ ਤੇ ਹਰ ਇਕ ਬੈਠਾ, ਕੁਰਸੀ ਕਿੰਝ ਬਚਾਵੇ
ਵਤਨ ਦਾ ਆਸ਼ਕ ਭਾਅ ਨਾ ਪੁਛੇ, ਜਾਵੇ ਸੀਸ ਕਟਾਵੇ

ਹਰ ਇਕ ਹਿਰਸੀ, ਲੋਭੀ, ਕਿਹੜਾ ਇਨ੍ਹਾਂ ਨੂੰ ਸਮਝਾਵੇ
ਹੱਸਤੀ ਨੂੰ ਜੇ ਨੇਸਤੀ ਕਰਦਾ, ਜੀਣ ਹਮੇਸ਼ਗੀ ਪਾਵੇ

ਜਿਹੜੇ ਕਰਜ਼ੇ, ਕਰਗਲ ਖਾਧਾ, ਕੌਣ ਉਹ ਢਿੱਡ ਚਿਰਾਵੇ
ਜਦ ਤਕ ਕੁੱਤਾ ਖੂਹ ਦੇ ਅੰਦਰ, ਪਾਣੀ ਪਾਕ ਨਾ ਆਵੇ

ਸੋਚ ਨਵੀਂ ਲਿਬਰਲ ਦਾ ਰੌਲਾ, ਕਾਂ ਹੁਣ ਚਾਲ ਭੁਲਾਵੇ
ਅੱਖਾਂ ਮੀਟ ਕਬੂਤਰ ਬੈਠਾ, ਬਿਲੀਉਂ ਖ਼ੈਰ ਮਨਾਵੇ

ਘਲ ਮੌਲਾ ਹਿਕ ਮਰਦੇ ਕਾਮਲ, ਦੇ ਹਿੱਕਮਤ ਦੀ ਕੁੰਜੀ
ਹਰ ਔਕੜ 'ਚੋਂ ਕੌਮ ਨੂੰ 'ਸਾਜਿਦ' ਜਿਹੜਾ ਪਾਰ ਲਗਾਵੇ

ਲਾਹੌਰ
ਜੁਲਾਈ ੧੯੯੯

❄

ਕਹਿਕਹੇ ਲਾਂਦਾ ਹੱਸਦਾ ਜਾਂਦਾ, ਹੜ੍ਹ ਹੰਝੂਆਂ ਦੇ ਪੀਤੀ ਜਾਂਦਾ
ਆਪਣੇ ਆਪ ਨੂੰ ਧੋਖਾ ਦੇ ਕੇ ਜਗ ਤੇ ਨਾਟਕ ਕੀਤੀ ਜਾਂਦਾ

ਮਨ ਮਰਿਆ ਰੰਗ ਫਿੱਕੇ ਹੋਏ, ਰੂਹ ਨੂੰ ਬੁੱਤ ਬੇਗਾਨਾ ਲਗਦਾ
ਸੂਲ ਦੀ ਸੂਈ, ਦੁਖ ਦੇ ਧਾਗੇ, ਖਲ੍ਹ ਦੀ ਕੱਫ਼ਨੀ ਸੀਤੀ ਜਾਂਦਾ

ਲੱਖਾਂ ਦੇ ਮੱਜਮੇ ਵਿਚ ਕੱਲਾ, ਲੱਬ ਹਿੱਲਦੇ ਪਰ ਹੋਇਆ ਗੂੰਗਾ
ਅੰਦਰ ਦੇ ਫੱਟ ਫਿਰੇ ਲਕੋ ਕੇ, ਬੋਲ ਬਾਹਰ ਦੇ ਬੀਤੀ ਜਾਂਦਾ

ਗ਼ਰਜ਼ਾਂ ਦੀ ਪੂਜਾ ਨਾ ਛੱਡੀ, ਮਜ਼੍ਹਬ ਧਰਮ ਅਕੀਦੇ ਬੱਦਲੇ
ਰਾਮ ਦਾ ਨਾ ਉਹ ਰੱਬ ਦਾ ਬੰਦਾ, ਮੰਦਰ ਕਦੇ ਮਸੀਤੀ ਜਾਂਦਾ

ਮਿੱਤ ਨਾ ਹੱਥ ਮਿਲਾਣਾ ਚਾਹਵੇ, ਪਰ ਉਹ ਕੋੜ੍ਹ ਨੂੰ ਕਿੰਝ ਲੁਕਾਵੇ
ਪਿਛਲੀ ਪੜ੍ਹੀਆਂ ਘੁਰਲਾ ਹੋਈਆਂ 'ਸਾਜਿਦ' ਨੱਵੀਆਂ ਨੀਤੀ ਜਾਵੇ

❧♥❧

ਸ਼ਿਕਾਗੋ
ਅਗਸਤ ੨੦੦੦

❄

ਲੱਖਾਂ ਕੋਲੋਂ ਚੰਗੇ ਸਾਂ, ਪਰ ਉਨ੍ਹੇ ਛੱਜ ਵਿਚ ਛੰਡਿਆ ਇੰਝ
ਕੱਖ ਵੀ ਸਾਥੀਂ ਨੇੜੇ ਡਿੱਗੇ, ਅਸੀਂ ਤੇ ਉਡ ਗਏ ਵਾਅ ਵਾਂਗੋਂ

❧♥❧

# ਈਮਾਨ

ਹਿਕ ਬੰਦਾ ਤਿਲ੍ਹਕਿਆ ਪਹਾੜ ਤੋਂ ਤੇ ਟਹਿਣੀ ਤੇ ਲਟਕ ਗਿਆ
ਥੱਲੇ ਡੂੰਘੀ ਖਾਈ ਤੱਕ ਕੇ ਹੋਰ ਵੀ ਠਿੱਠਕ ਗਿਆ

ਉਨ੍ਹੇ ਸਦਾ ਲਗਾਈ ਆਸ ਥੀਂ, ਹੈ ਕੋਈ ਲਵੇ ਬਚਾ
ਤੇ ਆਈ ਵਾਜ ਇਹ ਗ਼ੈਬ ਚੋਂ, ਮੈਂ ਆਂ ਤੇਰਾ ਖ਼ੁਦਾ

ਮੈਂ ਤੈਨੂੰ ਬਚਾਸਾਂ ਕਰਮ ਥੀਂ, ਪੱਕਾ ਰੱਖ ਈਮਾਨ
ਹੱਥ ਡਾਹਣੀ ਤੋਂ ਹੁਣ ਛੱਡ ਦੇ, ਮਨ ਮੇਰਾ ਫ਼ਰਮਾਨ

ਖਿੱਚੀ ਲੈ ਕੇ, ਉਸ ਨੇ ਕੀਤੀ ਇਹ ਫ਼ਰਯਾਦ
ਮੇਰੀ ਬਾਂਹ ਨੂੰ ਜੋ ਫੜੇ, ਹੈ ਕੋਈ ਆਦਮ ਜ਼ਾਦ

ਸ਼ਿਕਾਗੋ
ਕਸੰਬਰ ੨੦੦੧

ਇਹ ਮਿਠੀਆਂ ਗੱਲਾਂ ਪਿਅਾਰ ਦੀਆਂ
ਸੱਭ ਮਿਹਰਾਂ ਦਿਲ ਦਿਲਦਾਰ ਦੀਆਂ

ਮੈਂ ਉਂਝ ਤੇ ਕੰਮ ਦੀ ਚੀਜ਼ ਬੜੀ
ਪਰ ਸੱਜਣਾਂ ਬਿਨ ਕਿਸ ਕਾਰ ਦੀਆਂ

ਮੈਂ ਸਿਦਕ ਸਫ਼ਾ ਦਾ ਪਾਂਧੀ ਆਂ
ਮੈਂ ਸੱਚ ਦੀ ਬੇੜੀ ਤਾਰ ਦਿਆਂ

ਤੂੰ ਹੰਝੂਆਂ ਰਾਹੀਂ ਹੱਸ ਤੇ ਸਹੀ
ਮੈਂ ਜਿੰਦੜੀ ਤੈਥੋਂ ਵਾਰ ਦਿਆਂ

ਟੰਗ ਦੇਵੇ ਸੂਲੀ ਤਾਂਘਾਂ ਦੀ
ਉੱਚ ਸਿਫ਼ਤਾਂ ਮੇਰੇ ਯਾਰ ਦੀਆਂ

ਹੁਣ ਜਿੱਤ ਦੀ ਖ਼ਾਹਿਸ਼ ਛੱਡ ਦਿੱਤੀ
ਉਹ ਲੱਜ਼ਤਾਂ ਪਾਈਆਂ ਹਾਰ ਦੀਆਂ

ਗ਼ਮ ਹਿਜਰ ਵਿਛੋੜੇ ਮਾਰ ਲਿਆ
ਹੁਣ ਲੋੜਾਂ ਨੇਂ ਗ਼ੱਮਖ਼ਾਰ ਦੀਆਂ

ਹੁਣ ਵਸਲ ਉਮੀਦ ਗੁਲਾਬ ਖਿੜੇ
ਇਹ ਸੱਧਰਾਂ ਹੈਨ ਮਜ਼ਾਰ ਦੀਆਂ

ਮੈਂ ਪਿਆਰ ਦਾ ਰੰਮਲੀ 'ਸਾਜਿਦ' ਆਂ
ਮੈਂ ਨਫ਼ਰਤ ਜੜ੍ਹ ਤੋਂ ਮਾਰ ਦਿਆਂ

ਲਾਹੌਰ
ਅਗਸਤ ੧੯੯੯

# ਸਾਬਤ ਕੱਦਮੀ

ਢਾਅ ਲਾਈ ਏ ਸ਼ੋਹ ਦੀਰਆ ਨੇ, ਕੰਢੇ ਰੇਤ ਦੇ ਰੁੜ੍ਹਦੇ
ਰੁੜ੍ਹਦੇ ਬਣਦੇ, ਬਣ ਬਣ ਰੁੜ੍ਹਦੇ, ਪਰ ਉਹ ਮੂਲ ਨਾ ਮੁੜਦੇ

ਪੱਥਰ ਬਣ ਜਾ ਉਹਦੀ ਰਾਹ ਦਾ, ਹਰ ਠੋਕਰ ਤੋਂ ਭਾਰੀ
ਸਾਬਤ ਕੱਦਮੀ ਸ਼ਰਤ ਵਸਲ ਦੀ, ਕੱਚ ਟੁੱਟ ਕੇ ਨਹੀਂ ਜੁੜਦੇ

ਸ਼ਿਕਾਗੋ
ਜੁਲਾਈ ੨੦੦੧

❄

ਚੋਕੀਦਾਰ ਵਜਾਵਣ ਤੱਬਲੇ, ਲੁਡੀਆਂ ਪਾਵਣ ਚੋਰ
ਦੇਸ ਮਿਰੇ ਦਾ ਕੀ ਪੁਛਦੇ ਓ ਚੋਰਾਂ ਨੂੰ ਪਏ ਮੋਰ

ਆਪਣੇ ਘਰ ਨੂੰ ਸੱਨ੍ਹ ਲਾਵਣ 'ਚ ਰਹਿ ਗਿਆ ਪਿਛੇ ਕੋਣ
ਹਰ ਇਕ ਆਪਣੀ ਤਾੜ 'ਚ ਬੈਠਾ, ਕੌਣ ਮਚਾਵੇ ਸ਼ੋਰ

ਕੋਈ ਤੇ ਕਰ ਕੇ ਵਾਹਦੇ ਆਉਂਦਾ ਤੇ ਕੋਈ ਹੋਰ ਤੇ ਫੇਰ
ਜੰਤਾ ਨੂੰ ਅੱਗੇ ਲਾ ਫਿਰਦੇ ਜਿਉਂ ਬੇਲੇ ਵਿਚ ਢੋਰ

ਇੱਜੜ ਬਣ ਆਵਾਰਾ ਕੁੱਤੇ ਪੈਂਦੇ ਨੇਂ ਜਿਉਂ ਸ਼ੇਰ
ਅੰਦਰ ਬਾਹਰ ਮੁਲਕ ਦੇ ਦੁਸ਼ਮਣ ਲਾਂਦੇ ਮਿਲ ਕੇ ਜ਼ੋਰ

'ਸਾਜਿਦ' ਲੁੱਟਣ ਵੇਚਣ ਵਾਲੇ, ਅਜ ਫਿਰਦੇ ਨੇਂ ਢੇਰ
ਜਾਨਾਂ ਵਾਰ ਬਣਾ ਗਏ ਜਿਹੜੇ, ਉਹ ਲੋਕੀ ਸਨ ਹੋਰ

❦

ਸ਼ਿਕਾਗੋ
ਦਸੰਬਰ ੨੦੦੩

❄

ਸ਼ਰ ਸ਼ੈਤਾਨ ਤੋਂ ਬੱਚਦੇ ਬੱਚਦੇ, ਲੰਘ ਸਮੁੰਦਰ ਆਇਆ
ਸਗਵੇਂ ਸ਼ਰ ਨੇ ਹੱਸਦੇ ਹੋਇਆਂ, ਜੀ ਆਇਆਂ ਫ਼ਰਮਾਇਆ

❦

# ਪੀ. ਸੀ.

ਜਿਸ ਦੀ ਹਾਰਡ ਡਿਸਕ ਅਜ ਵੱਡੀ, ਉਹਦਾ ਇਲਮ ਵਧੇਰਾ
ਨੈਟ ਵਰਕ ਰਾਹੀਂ ਹੋਰ ਵਧਾਵੇ, ਇਲਮ ਨੂੰ ਅਕਲ ਬਥੇਰਾ

ਰੱਬ ਦੀ ਰੱਸੀ ਫੜ ਕੇ ਨਾਤਾ, ਮੇਨ ਫ਼ਰੇਮ ਨਾਲ ਜੋੜੀਂ
ਲਾ-ਮਹਿਦੂਦ ਤੋਂ ਵੁੱਸਤਾਂ ਪਾਸੀ, 'ਸਾਜਿਦ' ਪੀ ਸੀ ਤੇਰਾ

ਸ਼ਿਕਾਗੋ
ਮਈ ੨੦੦੩

❄

ਹਰ ਇਕ ਦੀ ਨੇਕੀ ਲੌਟਾਈ ਪਰ, ਬੱਦੀਆਂ ਲੌਟਾਣਾ ਭੁਲ ਗਏ ਆਂ
ਭਾਵੇਂ ਤੋਲ ਬਰਾਬਰ ਕਰਦੇ, ਮਿੱਟੀ ਦੇ ਭਾਅ ਤੁਲ ਗਏ ਆਂ

ਸਾਡੀ ਚਾਅ ਦਾ ਕੀ ਪੁੱਛਦੇ ਓ, ਹੱਥ ਛਣਕਾਓ ਗੀਤ ਸੁਣੋ
ਮੱਤਲਬ ਲਈ ਮਤਲੂਬ ਬਣਾ ਕੇ, ਘੁਲਦੇ ਮਿਲਦੇ ਘੁਲ ਗਏ ਆਂ

ਸੱਤਰਾਂ ਅੰਦਰ ਪਏ ਸ਼ਰਮਾਂਦੇ, ਝੱਕਦੇ ਸਾਂ ਮੂੰਹ ਖੋਲ੍ਹਣ ਤੋਂ
ਲਾਹ ਕੇ ਬੁਰਕਾ, ਚਾਦਰ, ਚੁੰਨੀ, ਖੁਲ੍ਹਦੇ ਖੁਲ੍ਹਦੇ ਖੁਲ੍ਹ ਗਏ ਆਂ

ਲੋਕ ਮੁਹੱਬਤਾਂ ਪਾਂਦੇ ਲਾਹੰਦੇ, ਅਸਾਂ ਬਣਾਇਆ ਤੌਕ ਗਲੇ ਦਾ
ਉਹਦੀ ਮਾਲਾ ਜੱਪਦੇ ਜੱਪਦੇ, ਵਿਕ ਅੱਟੀ ਦੇ ਮੁਲ ਗਏ ਆਂ

ਨਿੱਕਾ ਤੇ ਕਦੀ ਵੱਡਾ ਦਿੱਸੇ, ਕਦੀ ਕਦੀ ਉਹ ਮਿੱਟ ਵੀ ਜਾਵੇ
ਤਸ਼ਨਾ ਆਸ ਦੇ ਸਾਏ ਪਿਛੇ, 'ਸਾਜਿਦ' ਰੁਲਦ ਰੁਲ ਗਏ ਆਂ

ਸ਼ਿਕਾਗੋ
ਮਈ ੨੦੦੦

# ਕਤਾ

ਪਰਖਣ ਵਾਲੇ ਪਰਖ ਕਰਨ ਗੇ, ਕੀ ਏ ਸਾਡੀ ਸ਼ਾਇਰੀ
ਹਿਕ ਮੋਤੀ ਹਿੱਕਮਤ ਦੇ ਲੱਭਦੇ, ਹਿਕ ਲਫ਼ਜ਼ਾਂ ਦੀ ਸਾਹਰੀ

ਜਦ ਤਕ 'ਸਾਜਿਦ' ਸਿਰ ਨਾ ਸਾੜੀਏ, ਚਾਨਣ ਕਿਥੋਂ ਆਵੇ
ਕਈ ਵਾਰੀ ਗਲ ਆਖੀ ਮਖ਼ਫ਼ੀ, ਸ਼ਕਲ ਬਣਾ ਕੇ ਜ਼ਾਹਰੀ

ਸ਼ਿਕਾਗੋ
ਦਸੰਬਰ ੨੦੦੪

## ਗੋਰੀ

ਹੱਥ ਲਾਇਆਂ ਉਹ ਮੈਲੀ ਹੋਵੇ, ਗੋਰੀ ਸੋਹਣੀ ਰੱਜ ਕੇ
ਬਰਫ਼ਾਂ ਦੇ ਵਿੱਚ ਸ਼ੱਪ ਸ਼ੱਪ ਕਰਦੀ, ਕੰਮ ਕਰ ਕਰਦੀ ਭੱਜ ਭੱਜ ਕੇ

ਨੀਲੇ ਨੈਨ ਸੁਨਹਿਰੀ ਜ਼ੁਲਫ਼ਾਂ, ਚਿਹਰਾ ਸ਼ਕਲ ਕਿਤਾਬੀ
ਤਿੱਖੀਆਂ ਪਲਕਾਂ, ਗਲ੍ਹ ਗੁਲਾਬੀ, ਪੀਲ੍ਹ ਹੋਠ ਅਨਾਬੀ

ਸੌੜਾ ਦਹਿਨ, ਕੁਸ਼ਾਦਾ ਮੱਥਾ, ਨੱਕ ਨਿਖਾਰੇ ਨੱਕਸ਼ਾ
ਗਰਦਨ ਕੂੰਜ ਤੇ ਕੱਦ ਸਰੂ ਦਾ, ਮੂਰਤ ਰੱਬ ਦੀ ਬੱਖ਼ਸ਼ਾ

ਅੱਖਾਂ ਨਾਲ ਉਹ ਗੱਲਾਂ ਕਰਦੀ, ਖੁਲ੍ਹੇ ਹਾਸੇ ਹੱਸਦੀ
ਆਂਦੇ ਜਾਂਦੇ ਪ੍ਰਦੇਸੀ ਦਾ, ਬਦੋ ਬਦੀ ਮੰਨ ਖੱਸਦੀ

ਜੇ ਮੱਸ਼ਰਕ ਵਿਚ ਪੈਦਾ ਹੁੰਦੀ, ਆਸ਼ਕ ਅੱਸ਼ ਅੱਸ਼ ਕਰਦੇ
ਅੱਖ ਦੀ ਦੱਖ ਤੇ ਮਰ ਮਰ ਜਾਂਦੇ, ਪੈਰਾਂ ਹੇਠ ਹੱਥ ਧਰਦੇ

ਸੋਨਾ ਪਾਂਦੀ ਦੁੱਧੀਂ ਨਹਾਂਦੀ, ਫੁੱਲਾਂ ਦੇ ਨਾਲ ਤੁਲਦੀ
ਸੱਖੀਆਂ ਦੇ ਝੁਰਮਟ ਵਿਚ ਸੱਜਦੀ, ਹੋਸ਼ ਭੌਰਾਂ ਦੀ ਭੁਲਦੀ

ਕੰਘੀ ਤੇ ਹਿਕ ਸ਼ਿਸ਼ਾ ਫੜਦੀ, ਹਿਕ ਮੁਸਕਾਨ ਲਗਾਂਦੀ
ਪੀਆ ਦੇ ਘਰ ਪਰਤਣ ਵੇਲੇ, ਅੰਗ ਅੰਗ ਸਖੀ ਸਜਾਂਦੀ

ਬਾਲ ਖਡਾਂਦੀ, ਮੱਥਾ ਚੁੰਮਦੀ, ਰਾਹ ਬਾਲਾਂ ਦੀ ਤੱਕਦੀ
ਰਿਸ਼ਤੇ ਨਾਤੇ ਮਾਣ ਵਧਾਂਦੇ, ਚੱਸ ਮਮਤਾ ਦੀ ਚੱਖਦੀ

ਪੁਛ ਪੁਛ ਟੁਰਦੀ, ਸੁੰਘ ਕੇ ਖਾਂਦੀ, ਗਲ ਗਲ ਤੇ ਸ਼ਰਮਾਂਦੀ
ਬੇਬੇ ਵੇਖ ਕੇ ਰਾਜ਼ੀ ਹੁੰਦੀ, ਸੱਦਕੇ ਵਾਰੀ ਜਾਂਦੀ

ਕਿਸਮਤ ਮਾੜੀ, ਵੱਖਤਾਂ ਮਾਰੀ, ਜੰਮੀ ਵਿਚ ਅੱਮਰੀਕਾ
ਹਰ ਸਿਰ ਜਿੱਥੇ ਜੂਲੇ ਅੰਦਰ, ਇੱਟਲੀ ਕੀ ਅੱਫ਼ਰੀਕਾ

ਰੂਪ ਜਵਾਨੀ ਤੋਂ ਬੇਗਾਨੀ, ਜੀਵਨ ਜਤਨ 'ਚ ਮਾਰੀ
ਖੇਡ ਬਰਾਬਰ ਤੱਨ ਦੀ ਖੇਡੇ, ਮਨ ਦੀ ਬਾਜ਼ੀ ਹਾਰੀ

ਕੂੜੇ ਦੇ ਕੰਟੇਨਰ ਖਿੱਚੇ, ਸੜਕ ਤੋਂ ਬਰਫ਼ ਹਟਾਵੇ
ਬੱਸ ਟਰੱਕ ਟ੍ਰੇਨਾਂ ਕੀ ਸ਼ੈ, ਰਾਕਟ ਜਹਾਜ਼ ਚਲਾਵੇ

ਰੱਸੇ ਬੱਨ੍ਹ ਕੇ ਅੱਧ ਅੱਸਮਾਨੇ, ਲਟਕੀ ਮੂਲ ਨਾ ਡਰਦੀ
ਸ਼ੀਸ਼ੇ ਸਾਫ਼ ਕਰੇ ਤੇ ਕਿਧਰੇ, ਰੰਗ, ਮਰੱਮਤ ਕਰਦੀ

ਕੱਮਪਿਊਟਰ ਤੇ ਹਾਵੀ ਹੋਈ, ਸਭ ਇਲਮਾਂ ਵਿਚ ਅੱਗੇ
ਹੌਲੀ ਭਾਰੀ ਖਿੱਚੀ ਜਾਂਦੀ, ਹਰ ਕੰਮ ਨੱਖ਼ਰਾ ਲੱਗੇ

ਕਿਹੜਾ ਕੰਮ ਇਹ ਨਾਰ ਨਹੀਂ ਕਰਦੀ, ਬੰਦੇ ਕਰਦੇ ਜਿਹੜਾ
ਫ਼ਿੱਤਰਤ ਦੇ ਬੰਧਨ ਕੀ ਛੱਡੇ, ਛੱਡ ਗਈ ਆਂਗਨ ਵਿਹੜਾ

ਹਰ ਕੰਮ ਛੇਤੀ ਛੇਤੀ ਕਰਦੀ, ਸਬਰ ਉਡੀਕ ਨਾ ਜਾਣੇ
ਸਿੱਸਟਮ ਦੀ ਤੇਜ਼ੀ ਦੀ ਮਾਰੀ, ਰੰਗ ਰੰਗ ਜੰਮੇ ਨਿਆਣੇ

ਪਿਆਰ ਕਰੇ ਤੇ ਭੁਗਤੇ ਅੱਕਸਰ, ਕੱਲੀ ਬਾਲ ਬਖੇੜੇ
ਚੁਸਕੀ ਲਾ ਕੇ ਟੁਰਦੇ ਮਾਹਣੂ, ਝੇੜੇ ਕੌਣ ਨਬੇੜੇ

ਇਹ ਸਰਮਾਏ ਦੀ ਮੰਡੀ ਏ, ਮਾਲ ਮੁਸ਼ੱਕਤ ਵਿੱਕਦੇ
ਨਿੱਕੇ ਵਡੇ ਸਾਰੇ ਮਿਲ ਕੇ, ਡਾਲਰ ਗੱਡੀ ਧਿੱਕਦੇ

ਰੰਗ ਨਸਰ ਹਰ ਬੋਲੀ ਏਥੇ, ਪਰ ਸਿੱਸਟਮ ਹੈ ਹਿੱਕੋ
ਮਾਲਕ ਦੀ ਇਛਿਆ ਤੇ ਵੱਗੋ, ਚੰਗੇ ਮੁਲ ਤੇ ਵਿਕੋ

## 65

ਹਸਬ ਨਸਬ ਨਾ ਚੰਗਾ ਮੰਦਾ, ਫ਼ਰਕ ਨਾ ਬੁੱਢੀ ਬੰਦਾ
ਭਾਵੇਂ ਜਿਹੜਾ ਧੌਣ ਕਢਾਵੇ, ਦੂਜੇ ਦੇ ਗਲ ਫੰਦਾ

ਵਖਰੀ ਉਹਦੀ ਫ਼ਿਜ਼ਿਆਲੋਜੀ, ਵੱਖਰੇ ਕਈ ਝਮੇਲੇ
ਫ਼ੇਰ ਵੀ ਰੂ ਰਿਆਇਤ ਨਾ ਮੰਗਦੀ, ਔਖੇ ਸੌਖੇ ਵੇਲੇ

ਬੰਦੇ ਕੋਲੋਂ ਹੱਕ ਉੱਜਰਤ ਦਾ, ਡੇਢ ਗੁਨਾ ਉਹ ਰੱਖਦੀ
ਅੱਜ ਨਾਹੀਂ ਤੇ ਕਲ ਬੋਲੇ ਗੀ, ਕਦ ਤਕ ਚੁਪ ਰਹਿ ਸਕਦੀ

ਹਿਕ ਕਮਾਵੇ ਤੇ ਸੱਤ ਖਾਵਣ, ਖ਼ੁੱਸ਼-ਹਾਲੀ ਕਿੰਝ ਆਵੇ
ਵੱਤਨੀ ਜੇ ਕਰ ਰਾਜ਼ ਇਹ ਪਾਵਣ, ਦੁੱਨੀਆ ਦੰਗ ਰਹਿ ਜਾਵੇ

ਗੱਲਾਂ ਨਾਲ ਨਾ ਗਡੀ ਚਲਦੀ, ਮੰਗੇ ਗੈਸ ਅਮਲ ਦੀ
ਹਿੱਕ ਦਾ ਜ਼ੋਰ ਲਗਾਈਏ ਤਾਂ ਈ ਡੁੱਬਦੀ ਨਾਓ ਸੰਭਲਦੀ

ਮਿੱਹਨਤ ਦੇ ਵਿਚ ਆਰ ਨਾ ਸੱਜਣਾ, ਅੱਜ ਵੇਲਾ ਏ ਕੰਮ ਦਾ
ਚੰਮ ਫ਼ਾਨੀ ਕੰਮ ਜ਼ਿੰਦਾ ਰਹਿੰਦਾ, ਸਰਫ਼ਾ ਕਾਹਨੂੰ ਚੰਮ ਦਾ

ਤਬਦੀਲੀ ਦਾ ਵੇਲਾ ਮੌਲਾ, ਉੱਥੇ ਵੀ ਹੁਣ ਆਵੇ
ਆਪਣੇ ਕਲਚਰ ਅੰਦਰ ਰਹਿ ਕੇ, ਹਰ ਇਕ ਕੰਮ ਤੇ ਜਾਵੇ

ਹਰਕਤ ਪਾਰੋਂ ਬਰਕਤ ਹੋਸੀ ਹੱਥਾਂ ਵਿਚ ਹੱਥ ਪਾਓ
ਬੰਦੇ ਬੁੱਢੀਆਂ ਸਾਰੇ ਮਿਲ ਕੇ ਸੋਹਣਾ ਦੇਸ ਸਜਾਓ

ਬਹੁਤੇ ਹੱਥ ਜਦ ਸ਼ਾਮਿਲ ਹੋਸਨ,'ਸਾਜਿਦ' ਬਰਕਤ ਵੱਧਸੀ
ਹਰ ਪਾਸੇ ਹਰਿਆਲੀ ਹੋਸੀ, ਭੁੱਖ ਗ਼ਰੀਬੀ ਲੱਦਸੀ

ਗੈਸ: ਪੇਟਰੌਲ

ਸ਼ਿਕਾਗੋ
ਜਨਵਰੀ ੨੦੦੦

❄

ਅੱਖਾਂ ਜਦ ਖੁਲ੍ਹੀਆਂ ਤੇ ਖੁਲ੍ਹੀਆ ਈ ਰਹਿ ਗਈਆਂ
ਪੀੜਾਂ ਇੰਝ ਭੁੱਲੀਆਂ ਕਿ ਭੁੱਲੀਆਂ ਈ ਰਹਿ ਗਈਆਂ

ਮਿੱਤਰਾਂ ਜੋ ਚੁਣੀਆਂ, ਉਹ ਪੱਥਰ ਪਾਰਸ ਬੱਣੀਆਂ
ਹੀਰਾਂ ਵੀ ਨੇਂ, ਨਹੀਂ ਤੇ ਬੇ-ਮੁੱਲੀਆਂ ਈ ਰਹਿ ਗਈਆਂ

ਜ਼ੁਲਫ਼ਾਂ ਜੋ ਖੁੱਲ੍ਹੀਆਂ ਪੱਖ ਚਾਨਣ ਤੇ ਪਾਵਣ ਨੂੰ
ਸੱਜਣ ਦੇ ਮੁਖ ਤੇ ਉਹ ਝੁਲ੍ਹੀਆਂ ਈ ਰਹਿ ਗਈਆਂ

ਉਂਗਲੀ ਜੋ ਲਗੀਆਂ ਉਹ ਜੰਗਲ ਬੇਲੇ ਲੰਘੀਆਂ
ਨਹੀਂ ਤੇ ਉਹ ਰਾਹਵਾਂ ਵਿਚ ਰੁੱਲੀਆਂ ਈ ਰਹਿ ਗਈਆਂ

'ਸਾਜਿਦ' ਉਹ ਸਿੱਜਦੇ ਜੋ ਕਰਦੇ ਨਾ ਮਤ ਨੂੰ ਰਾਮ
ਭੁਵਕ ਪਈ ਫ਼ੱਸਲਾਂ ਨੇਂ, ਫੁੱਲੀਆਂ ਈ ਰਹਿ ਗਈਆਂ

# ਮੂੰਝ

ਟੁਰ ਗਿਆ ਮਾਹੀ ਵੱਸ ਹੌਕਿਆਂ ਦੇ ਪਾ ਕੇ
ਸੁੱਕ ਕੇ ਕੁਰੰਗ ਹੋਈ ਵੇਖੇ ਕਦੀ ਆ ਕੇ
ਵੇਖਾਂ ਡਾਲਰ ਰਿਆਲ
ਉਠਦੇ ਮਨ 'ਚ ਉਬਾਲ
ਗਿਆ ਮਿੱਤ ਪ੍ਰਦੇਸ ਤਾਂਘਾਂ ਮੂੰਝ ਦੀਆਂ ਲਾ ਕੇ
ਕੇਤੇ ਕੌਲ ਨਿਭਾਵੀਂ
ਸਾਨੂੰ ਭੁਲ ਤੇ ਨਾ ਜਾਵੀਂ
ਹਿਕ ਖ਼ਤ ਤੇ ਘਲਾ ਦੇ, ਹੁਣ ਦੂਰ ਸਾਥੀਂ ਜਾ ਕੇ
ਮੈਨੂੰ ਨੀਂਦ ਨਾ ਆਵੇ
ਦਿਲ ਡੁੱਬ ਡੁੱਬ ਜਾਵੇ
ਤੂੰ ਗੋਰੀ ਗਲ ਪਾਈ,ਪੱਜ ਕਾਰਡ ਦਾ ਬਣਾ ਕੇ
ਮੇਰਾ ਦਰਦੀ ਨਾ ਕੋਈ
ਕਿੰਨ ਦੁਖੜੇ ਸੁਣਾਵਾਂ
ਅੱਖ ਹਰ ਇਕ ਰਖੇ ਵਿੱਥ ਤੈਥੋਂ ਹੁਣ ਬਣਾ ਕੇ
ਰੰਗ ਘੱਟਦਾ ਜਾਵੇ
ਸਿੱਕ ਵੱਧਦੀ ਜਾਵੇ
ਖੇਹ ਪਈ ਏ ਸ਼ਿੰਗਾਰਾਂ,ਬੈਠੀ ਅੱਥਰੂ ਮੁਕਾ ਕੇ
ਕੱਲੀ ਕੂੰਜ ਕੁਰਲਾਵੇ
ਤੈਨੂੰ ਤਰਸ ਨਾ ਆਵੇ
ਭੱਠ ਪੈਣ ਜੁਦਾਈਆਂ, ਰਹਿਵੇਂ ਵੱਤਨਾਂ ਤੇ ਆ ਕੇ
ਜਿੰਦ ਘੋਲ ਘੁਮਾਵਾਂ
ਦੁਖ ਦੂਰੀਆਂ ਦੇ ਮਾੜੇ, ਆਖਾਂ ਬੋਲ ਸੁਣਾ ਕੇ
ਕਰੇ ਰੱਬ ਮੰਨਜ਼ੂਰੀ
ਮੋੜੇ ਯਾਰ ਮੁਹਾਰਾਂ
ਮੰਗਾਂ 'ਸਾਜਿਦ' ਦੁਆਈਂ ਹੱਥ ਦੋਵੇਂ ਮੈਂ ਉਠਾ ਕੇ

ਲਾਹੌਰ
ਜੁਲਾਈ ੧੯੯੯

ਮੂੰਝ: ਉਦਾਸੀ, ਉਦਰਨਾ

ਕੁੱਤਾ ਸਾਹਮਣੇ ਝਹੀਂਆਂ ਲੈਂਦਾ, ਬੰਦਾ ਪੜ੍ਹੇ ਦੁਆਵਾਂ
ਕੌਣ ਭਲੇ ਨੂੰ ਦੱਸੇ ਜਾ ਕੇ, ਉਹਨੂੰ ਮਾਰੇ ਵੱਟਾ

ਖੋਟੇ ਉਥੇ ਇੰਝ ਚੱਲ ਗਏ ਸਨ, ਜਦੋਂ ਮੈਂ ਅੱਸਲੀ ਦਿੱਤਾ
ਸਾਰੇ ਸ਼ਹਿਰ 'ਚ ਪੈ ਗਿਆ ਰੌਲਾ, ਵੇਖੋ ਜਾਅਲੀ ਸਿੱਕਾ

# ਕਾਂਡੋ

ਅੱਠ ਦੱਸ ਦਾ ਇਕ ਲਿਵਿੰਗ ਬਥੇਰਾ, ਛੇ ਸੱਤ ਦਾ ਬੈਡ ਕਾਫ਼ੀ
ਬਾਥ ਤੇ ਬਸ ਤਿੰਨ ਤਿੰਨ ਦਾ ਬਹੁਤਾ, ਕਿਚਨ ਤੋਂ ਮੰਗੀਏ ਮਾਫ਼ੀ

ਚੁੱਲ੍ਹਾ ਤੇ ਫ਼ਿੱਟ ਲਿੱਵਿੰਗ 'ਚ ਕਰਸਾਂ, ਤੱਤੀਆਂ ਖਾਣ ਪ੍ਰੌਹਣੇ
ਕਾਂਡੋ ਤੇ ਕੋਈ ਲੱਭੇ ਚੰਗਾ, ਕਰਜ਼ ਚੁਕਾਸਾਂ ਸਾਫ਼ੀ

ਦੇਸ ਆਪਣੇ ਦੇ ਕੱਚੇ ਕੋਠੇ, ਇਸ ਕਾਂਡੋ ਤੋਂ ਚੰਗੇ
ਪਰ ਉਥੇ ਦੀ ਹੇਰਾ ਫੇਰੀ, ਜ਼ੁਲਮ ਤੇ ਨਾ-ਇੱਨਸਾਫ਼ੀ

ਵੰਡਿਆ ਗਿਆ ਵਜੂਦ ਨਿਮਾਣਾ, ਕੁਝ ਏਥੇ ਕੁਝ ਉਥੇ
ਲੱਭਦੇ ਫ਼ਿਰਦੇ ਲੱਡੂ ਪਿੰਨੀਆਂ, ਮਿਲਦੀ ਏਥੇ ਟਾਫ਼ੀ

ਜੱਗ ਤੇ ਜੰਨਤ ਕਹਿਣ ਅੱਮਰੀਕਾ, ਏਥੇ ਈ ਟਿੱਕ ਜਾਈਏ
ਖੇਹ ਖਾਈਏ ਸ਼ਰਮਾਈਏ ਕਾਹਨੂੰ 'ਸਾਜਿਦ' ਅੱਲਾ ਸ਼ਾਫ਼ੀ

ਸ਼ਿਕਾਗੋ
ਔਕਤੂਬਰ ੨੦੦੧

ਅੱਠ ਦੱਸ: (੮ ਫ਼ੁੱਲ x ੧੦ ਫ਼ੁੱਟ) ਕਮਰੇ ਦਾ ਸਾਈਜ਼
ਲਿਵਿੰਗ: ਬੈਠਕ, ਡਰਾਇੰਗ ਰੂਮ
ਕਾਂਡੋ: ਮਕਾਨ ਦੀ ਇਕ ਵੰਨਗੀ

# ਗੀਤ

ਆ ਮੇਰੇ ਦਿਲ ਜਾਨੀ ਆ
ਸੱਧਰਾਂ ਭਰੀ ਜਵਾਨੀ ਆ
ਆਈ ਰੁੱਤ ਮਸਤਾਨੀ ਆ
ਗਲ ਮੇਰੇ ਵਿਚ ਗਾਨੀ ਆ
ਆ ਮੇਰੇ ਦਿਲ ਜਾਨੀ ਆ

ਨੈਨਾਂ ਨਾਲ ਮਲਾਈਏ ਨੈਨ
ਜਗ ਦੇ ਵੇਲੇ ਥੱਮੇ ਰਹਿਣ
ਮਨ ਦਾ ਮਨ ਥੀਂ ਪੇਚ ਲੜਾ
ਆ ਮੇਰੇ ਦਿਲ ਜਾਨੀ ਆ
ਸੱਧਰਾਂ ਭਰੀ ਜਵਾਨੀ ਆ

ਇਸ਼ਕ ਤੇਰੇ ਵਿਚ ਹੋਏ ਝੱਲੇ
ਰਹਿਣਾ ਨਹੀਂ ਹੁਣ ਅਸਾਂ ਇਕੱਲੇ
ਕੰਨ ਵਿਚ ਮੁੰਦਰਾਂ ਪਾ ਕੇ ਆ
ਆ ਮੇਰੇ ਦਿਲ ਜਾਨੀ ਆ
ਸੱਧਰਾਂ ਭਰੀ ਜਵਾਨੀ ਆ

ਲੋਕਾਂ ਭਾਣੇ ਪਿਆਰ ਤਮਾਸ਼ਾ
ਸਾਨੂੰ ਤੇਰੀ ਹਰ ਦੱਮ ਆਸ਼ਾ
ਆ ਯਾਰਾ ਹੁਣ ਗੀਤ ਸੁਣਾ
ਆ ਮੇਰੇ ਦਿਲ ਜਾਨੀ ਆ
ਸੱਧਰਾਂ ਭਰੀ ਜਵਾਨੀ ਆ

ਆਈ ਸੱਜਣਾ ਫ਼ੇਰ ਬਹਾਰ
ਚਾਰ ਦਿਨਾਂ ਦੀ ਰੁੱਤ ਖ਼ੁਮਾਰ
ਯਾਰ ਮੇਰੇ ਦਾ ਰੂਪ ਖਰਾ
ਆ ਮੇਰੇ ਦਿਲ ਜਾਨੀ ਆ
ਸੱਧਰਾਂ ਭਰੀ ਜਵਾਨੀ ਆ

ਤੱਕ ਤੱਕ ਤੈਨੂੰ ਨੈਨ ਨਾ ਰੱਜਦੇ
ਸੱਟ ਖਾਧੇ ਬਿਨ ਸਾਜ਼ ਨਾ ਵੱਜਦੇ
ਮੇਰੇ ਮਨ ਦੇ ਤਾਰ ਹਿਲਾ
ਆ ਮੇਰੇ ਦਿਲ ਜਾਨੀ ਆ
ਸੱਧਰਾਂ ਭਰੀ ਜਵਾਨੀ ਆ

ਦੂਰੀ ਦੁਖ ਮੱਜਬੂਰੀ ਸੱਜਣਾ
ਮਿਲਣਾ ਹੋਗ ਜ਼ਰੂਰੀ ਸੱਜਣਾ
ਮਿੱਤਰਾ ਸੀਨੇ ਨਾਲ ਲਗਾ
ਆ ਮੇਰੇ ਦਿਲ ਜਾਨੀ ਆ
ਸੱਧਰਾਂ ਭਰੀ ਜਵਾਨੀ ਆ

ਲਾਹੌਰ
ਜੂਨ ੧੯੯੯

# ਨੂਰਾਂ

ਕੋਡੇ ਫੱਡੇ ਤੇ ਪਵਾੜੇ
ਪਏ ਸਾਡੇ ਪੱਛਵਾੜੇ

ਰੰਗ ਨੂਰਾਂ ਦਾ ਸਲੋਣਾ
ਦਿਲ ਸੀਨਿਉਂ ਉਖਾੜੇ

ਭੋਲੀ ਅੱਲ੍ਹੜ ਜਵਾਨੀ
ਤੜੀ ਵੈੜ੍ਹੀ ਜਿਵੇਂ ਵਾੜੇ

ਧੁੰਮਾਂ ਹਰ ਪਾਸੇ ਪਈਆਂ
ਮਾਰੇ ਨੈਨਾਂ ਦੇ ਦੁਗਾੜੇ

ਮੁੰਡੇ, ਚੌਕ ਮੱਲ ਬਹਿੰਦੇ
ਚਿੱਟੇ , ਕਾਲੇ ਤੇ ਸੰਘਾੜੇ

ਜਿਹੜਾ ਤੱਕੇ ਰੁੜ੍ਹ ਜਾਵੇ
ਹਾੜੇ ਪਾਉਂਦੇ ਨੇਂ ਮਾੜੇ

ਉਹਦਾ ਸੁਹਜ ਨਜ਼ਾਰਾ
ਹਰ ਹਿਰਦੇ ਨੂੰ ਸਾੜੇ

'ਸਾਜਿਦ' ਹੋਸ਼ ਉਡਾਏ
ਨੂਰਾਂ ਖ਼ਾਬ ਲਤਾੜੇ

ਲਾਹੌਰ
ਜੁਲਾਈ ੧੯੯੯

# ਸਾਈਂ

ਦੂਰ ਆਬਾਦੀ ਤੋਂ ਰਹਿੰਦਾ ਉਹ, ਰਹਿਮਤ ਸਾਈਂ ਸਦਾਵੰਦਾ
ਮੰਗਣ ਉਹਦਾ ਪੇਸ਼ਾ ਨਾਹੀਂ, ਪਰ ਅੱਜ ਮੰਗਣ ਜਾਵੰਦਾ

ਹੱਥ ਕਿਸੇ ਦੇ ਵਿਹਲਾ ਨਾਹੀਂ, ਦਰ ਦਰ ਸਦਾ ਲਗਾਵੰਦਾ
ਖ਼ਾਲੀ ਕਾਸਾ ਖ਼ਾਲੀ ਰਹਿ ਗਿਆ, ਕੋਈ ਵੀ ਖ਼ੈਰ ਨਾ ਪਾਵੰਦਾ

ਸ਼ਾਮਾਂ ਪਈਆਂ ਆਸਾਂ ਗਈਆਂ, ਭੁੱਖਾ ਢਿੱਡ ਕੁਰਲਾਵੰਦਾ
ਹਿਕ ਵੇਲੇ ਦਾ "ਟੁਕੜਾ" ਹੁੰਦਾ ਨਗਰ ਨਗਰ ਨਾ ਗਾਹੁੰਦਾ

ਭੁੱਖ ਦਾ ਰੋਗ ਅਵੱਲਾ ਡਾਢਾ, ਹਿੰਮਤਾਂ ਸੱਭ ਮੁਕਾਵੰਦਾ
ਪੈਰ ਠਿਠੰਬਰੇ, ਲੱਤਾਂ ਕੰਬੀਆਂ, ਮਰ ਮਰ ਕਦਮ ਉਠਾਵੰਦਾ

ਹੁਕਲੀ ਆਵੇ, ਚੱਕਰ ਆਵਣ, ਢਿੱਡ ਡਡੋਲਾਂ ਖਾਵੰਦਾ
ਖ਼ਾਲੀ ਮਿਹਦੇ ਪਾਣੀ ਸ਼ੁਹਦਾ, ਗੜ ਗੜ ਸ਼ੋਰ ਮਚਾਵੰਦਾ

ਹਿੱਕੋ ਕੋਹ ਸੀ ਪੰਧ ਝੁੱਗੀ ਦਾ, ਅੱਜ ਇਹ ਮੁਕ ਨਾ ਆਵੰਦਾ
ਚਾਰੇ ਤਾਕ ਮਿਲੇ, ਭੁਖ ਮਾਰੇ ਕਿਵੇਂ ਉਹ ਮੌਤ ਭੁਲਾਵੰਦਾ

ਮੂੰਹ ਤਕ ਖੱਲੜ ਭਰ ਕੇ ਵਾਇਜ਼, ਫ਼ਲਸਫ਼ਾ ਸਬਰ ਬਤਾਵੰਦਾ
ਸਾਬਰ ਤੱਸਾ, ਨੇਜ਼ੇ ਤੇ ਵੀ ਸ਼ੁੱਕਰਨ ਬੋਲ ਸੁਣਾਵੰਦਾ

ਦੋ ਦੋ ਦਿਨ ਕਈ ਵਾਰ ਉਹ ਭੁੱਖਾ, ਤੀਜਾ ਅਜ ਸਤਾਵੰਦਾ
ਟਾਲ੍ਹੀ ਦੇ ਸੱਤ ਪੱਤਰ ਖਾਧੇ, ਫ਼ੇਰ ਵੀ ਚੈਨ ਨਾ ਆਵੰਦਾ

ਘੜੇ ਦਾ ਪਾਣੀ ਆਖ਼ਰੀ ਪੂੰਜੀ, ਪੀ ਪੀ ਪੇਟ ਅੱਫਰਾਵੰਦਾ
ਪੀੜ ਕੜੱਲਾਂ ਢਿੱਡ ਵਿਚ ਉੱਠਣ, ਡੂੰਘਾ ਨ੍ਹੇਰ ਛਾਵੰਦਾ

ਮੌਤ ਕਣੋਂ ਉਹ ਡਰਦਾ ਨਾਹੀਂ, ਪਲ ਪਲ ਮਰਨ ਡਰਾਵੰਦਾ
ਪੇਟ ਦੀ ਅੱਗ ਨੂੰ ਉਹ ਈ ਜਾਣੇ, ਜੋ ਇਹ ਤਪਸ਼ ਹੰਢਾਵੰਦਾ

ਖ਼ਾਲੀ ਪੀਪਾ ਖ਼ਾਲੀ ਤੱਸਲਾ, ਸਬਰ ਦਾ ਵਿਰਦ ਕਮਾਵੰਦਾ
ਝੁੱਗੀ ਦੇ ਸੱਥਰ ਤੇ ਡਿੱਗ ਪਿਆ, ਲੱਗੇ ਕਬਰ ਸਮਾਵੰਦਾ

ਜੀਵਨ ਦੀ ਕੀ ਪੰਧ ਕਹਾਣੀ "ਸਾਈਂ" ਫ਼ਿਲਮ ਚਲਾਵੇ
ਲੱਠੇ ਦੀ ਚਾਦਰ ਤੇ 'ਸਾਜਿਦ' ਕੱਚੇ ਰੰਗ ਚੜ੍ਹਾਵੰਦਾ

ਸ਼ਿਕਾਗੋ
ਦਸੰਬਰ ੨੦੦੩

ਟੂੜਾ: ਰੋਟੀ, ਟੁੱਕਰ

❄

ਬੋਲ ਪੰਜਾਬੀ ਬੋਲ
ਮਿੱਠੜੇ ਤੇਰੇ ਬੋਲ

ਇਲਮ ਖ਼ਜ਼ਾਨੇ ਢੇਰ
ਚੁਣ ਚੁਣ ਮੋਤੀ ਤੋਲ

ਉੱਚ ਸੁਰੀਲੀ ਤਾਨ
ਕੰਨਾਂ ਵਿਚ ਰੱਸ ਘੋਲ

ਮੁਸ਼ਕ ਕਰੇਂਦੀ ਮਸਤ
ਮੂੰਹ ਕਲੀਆਂ ਦੇ ਖੋਲ੍ਹ

ਸੱਭ ਦੇ ਅੱਥਰੂ ਪੂੰਝ
ਤੇ ਆਪਣੇ ਨਾ ਡੋਲ੍ਹ

ਦੇਵੀਂ ਨਾ ਤੂੰ ਭੇਤ
ਗਲ ਲੋਕਾਂ ਦੇ ਢੋਲ

ਗੱਲਾਂ ਤੇ ਕੀ ਮਾਣ
ਜੇ ਅੱਮਲਾਂ ਵਿਚ ਝੋਲ

ਸਾਡਾ ਸੁੱਚਲ ਪਿਆਰ
ਪੈਰਾਂ ਹੇਠ ਨਾ ਰੋਲ

ਗਲ ਖੋਤੇ ਦੇ ਪੈਣ
ਲਾਲ ਕਭਾਰਾਂ ਕੋਲ

ਸਿਰ ਚੜ੍ਹਿਆ ਜਦ ਕੂੜ
ਸੱਚ ਦਾ ਬਿੱਸਤਰ ਗੋਲ

ਨੇੜੇ ਵੱਸੀਂ ਯਾਰ
ਬਹਿ ਜਾਸਾਂ ਦੁਖ ਫੋਲ

ਸੋਹਣਾ ਤੇਰੇ ਨਾਲ
'ਸਾਜਿਦ' ਕਦੇ ਨਾ ਡੋਲ

ਸ਼ਿਕਾਗੋ
ਅਕਤੂਬਰ ੨੦੦੧

❄

ਡਾਲਰ ਦੀਨ ਈਮਾਨ ਬਣਾ ਕੇ, ਕੌਮ ਵਤਨ ਤੇ ਜ਼ਾਤਾਂ ਭੁੱਲੇ
ਜਾਣ ਪਛਾਣ ਤੋਂ ਬਣੇ ਬੇਗਾਨੇ, ਵੇਰਵੇ ਦਿਨ ਤੇ ਰਾਤਾਂ ਭੁੱਲੇ

ਜੱਜ਼ਬੇ, ਸੰਗਤਾਂ, ਰੰਗ ਮੁਹੱਬਤਾਂ, ਨਹਿਰ ਦੇ ਪੁਲ ਵੀ ਨਹੀਂ ਹੁਣ ਚੇਤੇ
ਆਪਣਾ ਆਪ ਕੀ ਭੁਲੇ ਸ਼ੁਹਦੇ, ਸਾਰੇ ਜ਼ਿਕਰ ਤੇ ਨਾਅਤਾਂ ਭੁੱਲੇ

ਗਿੱਲੀ ਮਿੱਟੀ ਦੀ ਉਹ ਖ਼ੁੱਸ਼ਬੋ ਜੋ ਸਾਵਣ ਦਾ ਸੁਹਜ ਸ਼ਿੰਗਾਰ ਏ
ਗਾਉਣ ਗਾਂਦੀ ਵਾਅ ਪੁਰੇ ਦੀ, ਚੇਤਰ ਤੇ ਬਰਸਾਤਾਂ ਭੁੱਲੇ

ਗੁੱਡ ਮਾਰਨਿੰਗ ਤੋਂ ਗੁੱਡ ਨਾਈਟ ਤਕ, ਕਿਹੜਾ ਕਰੇ ਹਿਸਾਬ ਸਲਾਤਾਂ
ਈਦ ਵਸਾਖੀ ਪਤਾ ਨਹੀਂ ਲਗਦਾ, ਸ਼ੱਬ-ਕੱਦਰਾਂ ਸ਼ੱਬਰਾਤਾਂ ਭੁੱਲੇ

'ਸਾਜਿਦ' ਸੌਖੇ ਹੁੰਦੇ ਹੁੰਦੇ ਔਖੇ ਪੈਂਡੇ ਪੈ ਗਏ ਲੋਕੀ
ਕੱਲਰਚ, ਬੋਲੀ, ਮਜ਼੍ਹਬ ਭੁੱਲੇ, ਮਾਂ ਦੇ ਵਚਨ ਤੇ ਬਾਤਾਂ ਭੁੱਲੇ

❦

ਸ਼ਿਕਾਗੋ
ਮਾਰਚ ੨੦੦੨

❄

ਕੌਣ ਹਾਂ ਮੈਂ ਇਹ ਮਾਲਮ ਨਾਹੀਂ, ਕਿਥੋਂ ਟੁਰਨਾ ਕਿਥੇ ਜਾਣਾ
ਵਾਂਗ ਪੰਡੇਰੀ ਮੁੰਜ ਦਾ ਬੂਟਾ, ਕਿੱਥੋਂ ਪੁਟਣਾ ਕਿੱਥੇ ਲਾਣਾ

ਖ਼ੱਵਰੇ ਕਿਤਨੇ ਪਾਪੜ ਵੇਲੇ, ਘਾਟ ਘਾਟ ਦੇ ਪਾਣੀ ਪੀਤੇ
ਤਨ ਤੇ ਦੋ ਗਿੱਠ ਕੱਪੜਾ ਸੱਜਣਾ, ਕਿੱਥੋਂ ਲਾਹਣਾ ਕਿਥੇ ਪਾਣਾ

ਨਾਂ ਨੇਕੀ ਤੇ ਰੱਬ ਨੂੰ ਭੁੱਲੇ, ਪਾਪੀ ਪੇਟ ਦੇ ਪਿੱਛੇ ਲੱਗੇ
ਵੇਲੇ ਨੇ ਨੱਕ ਮੂੰਹ ਭੰਨ ਛੱਡਿਅ, ਕਿਥੋਂ ਸੰਗਣਾ ਕਿੱਥੇ ਖਾਣਾ

ਆਪਣਿਆਂ ਕੋਲੋਂ ਪਰਦਾ ਕਰਨਾ, ਗ਼ੈਰਾਂ ਅੱਗੇ ਰੰਗ ਜਮਾਣਾ
ਘੁੰਡ ਦੇ ਉਹ ਆਦਾਬ ਤੋਂ ਵਾਕਫ਼, ਕਿਥੋਂ ਸੁਟਣਾ ਕਿਥੇ ਚਾਣਾ

ਲੱਗੀਆਂ ਵਾਲੇ ਗਾਂਦੇ ਫਿਰਦੇ, ਸੱਭ ਨੂੰ ਦਰਦ ਸੁਣਾਂਦੇ ਫ਼ਿਰਦੇ
'ਸਾਜਿਦ' ਨੂੰ ਤੇ ਹੋਸ਼ ਨਾ ਕਾਈ, ਕਿਥੋਂ ਸੁਣਨਾ ਕਿੱਥੇ ਗਾਣਾ

ਸ਼ਿਕਾਗੋ
੨੪ ਜਨਵਰੀ ੨੦੦੨

❄

ਲੱਖ ਵਾਰੀ ਮੈਂ ਬਣਾਂ ਪੁਜਾਰੀ, ਮਨ ਦਾ ਰੋਗ ਨਾ ਜਾਵੇ
ਜਦ ਵੀ ਸ਼ਰ ਨੂੰ ਮੌਕਾ ਮਿਲਦਾ, ਸ਼ਰ ਮੈਥੋਂ ਸ਼ਰਮਾਵੇ

ਦੁੱਖਾਂ, ਦਰਦਾਂ ਮਾਰੇ ਲੋਕੀ, ਚੁੱਪ ਵੱਟ ਭੇਤ ਲੁਕਾਉਂਦੇ
ਚਾਮਲ ਦਾ ਚਾਅ ਰੱਖੇ ਕਿਹੜਾ, ਹਾਸਾ ਮੁਖ ਖਿਲਾਵੇ

ਮਿੱਤ ਨੇ ਮਿਤੱਰ ਮੱਨਿਆਂ ਨਾਹੀਂ, ਲੋਅ ਵੀ ਗੁਲ ਕਰ ਬੈਠਾਂ
ਜੱਗ ਤੇ ਸਭ ਰਕੀਬ ਨੇਂ ਆਪਣੇ, ਦੀਵਾ ਕੌਣ ਜਲਾਵੇ

ਬਿੱਟ ਬਿੱਟ ਵੇਖਾਂ ਹਰ ਚਿਹਰੇ ਨੂੰ, ਮੈਨੂੰ ਕੋਈ ਨਾ ਪੁੱਛੇ
ਹਰ ਕੁੱਜੀ ਵਿਚ ਦਰਿਆ ਗੱਜੇ, ਆਪਣ ਈ ਹੜ੍ਹ ਵਗਾਵੇ

ਮਾਪੇ ਝਿੜਕਣ ਪਿਆਰ ਵੀ ਕਰਦੇ, ਦੁਸ਼ਮਣ ਨਾ ਗਰਦਾਨੋ
ਵੱਢੇ ਡੇਮੂ ਮੱਖੀ ਵਾਂਗੋਂ, ਪਰ ਸ਼ਹਿਦ ਨਾ ਬਣਾਵੇ

ਖੇਡ ਸੁਟਨਾ ਨੇਂ ਟਿੰਡ ਮਿੱਟੀ ਦੀ, ਜੀਵਨ ਬਲਦਾ ਦੀਵਾ
ਟੁੱਟਦੇ ਸਾਹ ਤੇ ਲਾਣ ਸਲੰਡਰ, ਅੱਗ ਨੂੰ ਜੋ ਭੜਕਾਵੇ

ਲੱਗੀਆਂ ਮਗਰੋਂ ਉਹਨੂੰ ਲੱਭਾਂ ਜਿਸ ਦਾ ਨਹੀਂ ਪ੍ਰਛਾਵਾਂ
ਪੱਕਾ ਪੱਕ ਪਕਾ ਲੈ 'ਸਾਜਿਦ' ਕੱਚੀ ਨੂੰ ਘੁਣ ਖਾਵੇ

ਲਾਹੌਰ
੨੦ ਅਗਸਤ ੧੯੯੯

❄

ਖਿੜ ਖਿੜ ਹੱਸੀਆਂ ਜਦ ਵੀ ਕਲੀਆਂ, ਉਹਦੀ ਯਾਦ ਸਤਾਵੇ
ਹੂੜ ਹਟਕ ਕੇ ਬੇ-ਵੱਸ ਹੋਇਆ, ਮੁੜ ਮੁੜ ਕੇ ਪਈ ਆਵੇ

ਕੋਣ ਵਫ਼ਾ ਦੇ ਗੀਤ ਸੁਣਾਂਦੈ, ਅੱਗ ਦਾ ਸਾਕ ਨਾ ਪਾਣੀ
ਰੂਹ ਜੁੱਸੇ ਵਿਚ ਘੜੀਆਂ ਗਿਣਦਾ, ਕੀਤੇ ਕੌਲ ਨਿਭਾਵੇ

ਡੁੱਬਦੇ ਹੋਇਆਂ ਤੀਲ੍ਹੇ ਫੜ ਕੇ ਪਾਰ ਨਹੀਂ ਕੋਈ ਲੱਗਾ
ਸਾੜ ਕੇ ਬੇੜੀ ਠਿੱਲੇ ਜਿਹੜਾ, ਮੰਜ਼ਿਲ ਨੇੜੇ ਪਾਵੇ

ਨਾਅਤ ਹਮਦ ਦੇ ਸ਼ਿਅਰ ਨੂੰ ਲਿਖਦਿਆਂ ਚੁੰਮਾਂ ਨੋਕ ਕਲਮ ਦੀ
ਮਨ ਦੀ ਗਲ ਕਾਗ਼ਜ਼ ਤੇ ਲਥੇ ਜੇ ਰੱਬ ਭਾਗ ਲਗਾਵੇ

ਕੱਚੀ ਪੱਕੀ ਗਲ ਤੇ ਯਾਰੋ 'ਸਾਜਿਦ' ਸ਼ਿਅਰ ਨਾ ਆਖੇ
ਸੋਚ ਦੀ ਸੀਖ਼ੇ ਟੰਗ ਖ਼ਿਆਲਾਂ, ਭੱਠੀ ਲਫ਼ਜ਼ ਪਕਾਵੇ

ਲਾਹੌਰ
੨੦ ਅਗਸਤ ੧੯੯੯

❄

ਜਿਹੜਾ ਖੱਲੜ ਭਰ ਲੈਂਦਾ ਏ, ਅੱਖਾਂ ਉਹ ਮੱਚਕਾਵੇ
ਕਲ ਤਕ ਤੇ ਉਹ ਖ਼ੁਦ ਸ਼ੁਦਰ ਸੀ, ਅਜ ਉਹ ਛਿੱਟਦਾ ਜਾਵੇ

ਯੱਕ ਰੰਗੀ ਬੇ-ਰੰਗੀ ਹੁੰਦੀ, ਵਖ ਵਖ ਰੰਗ ਵਖਾਓ
ਧਨਕ ਸਜਾਓ ਸਾਰੇ ਮਿਲ ਕੇ, ਹਰ ਰੰਗ ਰੂਪ ਚੜ੍ਹਾਵੇ

ਗਾ, ਗੇ, ਗੀ ਦੇ ਤੇਜ਼ ਭੁਆਂਟਲ ਪੱਲੇ ਕੁਝ ਨਾ ਪਾਵਣ
ਗੱਪ ਦੇ ਸੱਪ ਪਟਾਰੀ ਫਾੜਨ, ਟੀ ਵੀ ਬੀਨ ਵਜਾਵੇ

ਕੱਖਾਂ ਤੋਂ ਕਿੰਝ ਲੱਖ ਬਣਾਵੇ, ਰਾਹਬਰ ਰਾਹਵਾਂ ਜਾਣੇ
ਭੁੱਖ ਨੂੰ ਹਾਕਰ ਕੇ ਹਰ ਵਾਰੀ, ਸਾਡੇ ਘਰ ਛੱਡ ਜਾਵੇ

ਰਹਿਤਲ, ਵਰਤਣ, ਸੋਚ ਪਲਾਨਿੰਗ ਕੁਝ ਵੀ ਨਹੀਂ ਅਵਾਮੀ
ਲੀਡਰ ਨੇਂ ਉਹ ਫ਼ੇਰ ਵੀ ਸਾਡੇ, ਸਾਨੂੰ ਸੱਮਝ ਨਾ ਆਵੇ

ਵੱਡਾ ਮੁਜਰਮ ਘਰ ਵਡੇ ਦੇ, ਬਣਦਾ ਰਾਤ ਪ੍ਰੌਹਣਾ
ਦਿਨੇ ਅਦਾਲਤ ਪਈ ਹਕਲਾਵੇ ਤੱਕੜ ਤੋਲ ਵਖਾਵੇ

ਕਿਧਰੇ ਕੁੱਤਾ ਦੁੱਧ ਨਖੱਦੇ, ਕਿਧਰੇ ਛਾਤੀ ਸੁਕੀ
ਭੁੱਖ ਦੀ ਅੱਗ ਤ੍ਰੌਂਕਾ ਮੰਗਦੀ, ਗਟਰ ਤੇ ਬੁਲ੍ਹ ਟਿਕਾਵੇ.

ਅੱਖਾਂ ਉੱਤੇ ਓਹਨੂੰ ਬਿਠਾਵਾਂ, ਝੁਕ ਝੁਕ ਕਰਾਂ ਸਲਾਮਾਂ
ਨਾਅਰੇ ਛੱਡੇ ਕੇ, ਅਮਲ ਦੀ ਸਾਨੂੰ ਜਿਹੜਾ ਰਾਹ ਲਾਵੇ

ਪਿਛੋਂ ਡੰਡੇ ਖੋਤੇ ਖਾਂਦੇ, ਸ਼ੇਰ ਤੇ ਝੱਲਣ ਸੀਨੇ
ਸਿੱਧੇ ਹੋਣ 'ਚ ਦੇਰ ਨਹੀਂ ਬਹੁਤੀ 'ਸਾਜਿਦ' ਆਖ ਸੁਣਾਵੇ

ਲਾਹੌਰ
੨੦ ਅਗਸਤ ੧੯੯੯

❄

ਹਰ ਇਕ ਉੱਚਾ ਉਡਣਾ ਚਾਹਵੇ, ਪਰ ਉੱਚਿਆਈ ਬਹੁਤੀ ਤੇ
ਕੱਸ਼ਸ਼ ਜ਼ਮੀਨ ਦੀ ਮੁਕ ਜਾਂਦੀ ਏ, ਜਾਣਾ ਫ਼ੇਰ ਉੱਤਾਂ ਪੈਂਦਾ

❄

ਰਲ ਮਿਲ ਸਭ ਸਮਝਾਵਨ ਆਈਆਂ ਭਰਜਾਈਆਂ, ਹੱਮਸਾਈਆਂ
ਲੱਗੀਆਂ ਦੇ ਲਗ ਆਖਣ ਕੂੜੇ, ਆਪ ਜਿੰਨ੍ਹਾਂ ਨੇ ਲਾਈਆਂ

ਲਗਣ ਵਾਲੀਆਂ ਟਲਦੀਆਂ ਨਾਹੀਂ, ਸੁਫ਼ਨੇ ਅੰਦਰ ਲੱਗੀਆਂ
ਛੱਡਿਆ ਰਾਂਝੇ ਤਖ਼ਤ ਹਜ਼ਾਰਾ, ਮੁੰਦਰਾਂ ਕੰਨੀਂ ਪਾਈਆਂ

ਜਿੰਨ੍ਹਾਂ ਗੰਵਾਏ ਢੂੰਡਣ ਚੜ੍ਹੀਆਂ, ਅਸਾਂ ਵਸਾਇਆ ਅੰਦਰ
ਝਾਤੀ ਮਾਰ ਕੇ ਤੱਕ ਲੈਨੇ ਆਂ, ਸਾਨੂੰ ਮਰਨ ਜੁਦਾਈਆਂ

ਹਾਲ ਬੀਮਾਰ ਦਾ ਹਰ ਇਕ ਪੁੱਛਦਾ, ਪਰ ਉਹ ਪੁਛਦਾ ਨਾਹੀਂ
ਭਾਵੇਂ ਛੰਮ ਛੰਮ ਵੱਸਦਾ ਸਾਵਣ, ਸਾਈਆਂ ਬਿਨ ਤ੍ਰੇਹਾਈਆਂ

ਵਾਂਗ ਗੰਡੋਇਆਂ ਕੱਟ ਕੱਟ ਜੀਵਨ, ਟੋਟੇ ਜਿਗਰ ਦੇ ਕਰ ਕੇ
ਧੀਆਂ ਧੱਨ ਪਰਾਇਆ 'ਸਾਜਿਦ' ਕੈਂ ਇਹ ਰੱਸਮਾਂ ਪਾਈਆਂ

ਸ਼ਿਕਾਗੋ
ਸਤੰਬਰ ੨੦੦੨

❄

ਜਿਹੜਾ ਸਾਨੂੰ ਚੰਗਾ ਲਗਦਾ, ਅਸੀਂ ਨਾ ਉਹਨੂੰ ਚੰਗੇ ਲਗੀਏ
ਗੋਰਿਆਂ ਨੂੰ ਅਸੀਂ ਕਾਲੇ ਲਗਦੇ, ਕਾਲਿਆਂ ਨੂੰ ਅਸੀਂ ਬੱਗੇ ਲਗੀਏ

ਕਣਕ ਵੰਨੇ ਅਸੀਂ ਦੇਸੀ ਬੰਦੇ, ਆਪਣੇ ਆਪ ਤੇ ਫ਼ਖ਼ਰ ਏ ਸਾਨੂੰ
ਕਿਉਂਕਰ ਆਪਣੀ ਨਸਲ ਗੰਵਾਈਏ, ਕਾਹਨੂੰ ਅਸੀਂ ਦੋਰੱਗੇ ਲਗੀਏ

ਸਾਡੇ ਘਰ ਜੰਮਦੇ ਨੇਂ ਲੀਡਰ, ਕਾਮੇ ਖ਼ੱਵਰੇ ਕਿਉਂ ਨਹੀਂ ਜੰਮਦੇ
ਪਿਛੇ ਟੁਰ ਕੇ ਕੰਡ ਨਹੀਂ ਕੱਜਦੇ, ਵੱਧ ਵੱਧ ਆਖਣ ਅੱਗੇ ਲਗੀਏ

ਐਲ ਐਫ਼ ਓ, 58-ਟੂ ਬੀ ਮੱਸਲੇ, ਪਰ ਭੁੱਖ ਨੰਗ ਨਾ ਮੱਸਲੇ
ਦੁਨੀਆ ਵੇਖ ਮਰੀਖ਼ ਤੇ ਪੁੱਜੀ, ਕੋਹਲੂ ਦੇ ਅਸੀਂ ਢੱਗੇ ਲਗੀਏ

ਡਿੱਗਦੇ ਜਾਈਏ ਵਿੱਛਦੇ ਜਾਈਏ, ਆਪਣਾ ਕੋਈ ਬਣਾਵੇ 'ਸਾਜਿਦ'
ਕਿਸੇ ਨੂੰ ਅਸੀਂ ਨਿਮਾਣੇ ਲਗਦੇ, ਕਿਸੇ ਨੂੰ ਖ਼ੱਵਰੇ ਜੱਗੇ ਲਗੀਏ

ਸ਼ਿਕਾਗੋ
ਜੂਨ ੨੦੦੩

# ਸਫ਼ਰੀ

ਹੋ ਪ੍ਰਦੇਸੀ ਛੋਟਾਂ ਪਾਵੇ, ਨਰਮੀ ਲੋਕ ਜਤਾਂਵਣ
ਗ਼ਲਤੀ ਭਾਵੇਂ ਜਾਣ ਕੇ ਕਰਦਾ, ਪਏ ਅਣਜਾਣ ਧਿਆਵਣ

ਭਾਵੇਂ ਮੁੜ ਮੁੜ ਰਾਹਾਂ ਪੁਛੇ, ਬੁਰਾ ਨਾ ਕੋਈ ਮੰਨਦਾ
ਰਾਹੀ ਹੋਣ ਦੇ ਫ਼ਾਇਦੇ ਚੁਕੇ, ਲੋਕੀ ਕਰਮ ਕਮਾਵਣ

ਕੱਟ ਇਸ਼ਾਰੇ ਮੋਢੇ ਮਾਰੇ, ਅੱਖਾਂ ਫਾੜ ਕੇ ਵੇਖੇ
ਸੱਫ਼ਰੀ ਉਨੂੰ ਕਹਿ ਕੇ 'ਸਾਜਿਦ' ਹਰ ਹਾਲ ਪਏ ਭੁਲਾਵਣ

ਮੰਦਾ ਹਾਲ ਜੇ ਵੇਖੇ ਕੋਈ ਜਾਂ ਹੋਵੇ ਬੇ-ਖ਼ਰਚਾ
ਹਿਸੱਬੇ ਹਾਲ ਅਮਦਾਦ ਕਰੇਂਦੇ, ਹਿੰਮਤ ਪਏ ਵਧਾਵਣ

ਸਫ਼ਰ ਸ�

ਅੁਬਤ ਰੋਣੇ ਰੋਵੇ ਅੱਪਣ ਵਤਨ ਉਚਿਆਵੇ
ਬਹਿਸ ਮੁਸਾਫ਼ਰ ਨਾਲ ਨਾ ਕਰਦੇ, ਸਿਰ ਅਸਬਾਤ ਹਿਲਾਵਣ

ਜੋ ਕੁਝ ਵੀ ਪ੍ਰਦੇਸ ਤੋਂ ਮਿਲਿਆ, ਚਿੱਟੀ ਚਾਦਰ ਬੱਨ੍ਹਿਆਂ
ਪਾਂਧੀ ਸਫ਼ਰ ਨਾ ਖੋਟਾ ਕਰਦੇ, ਅੱਜ ਆਵਣ ਕਲ ਜਾਵਣ

ਮੌਲਾ ਦੁੱਨੀਆ ਦੇਸ ਨਾ ਮੇਰਾ, ਭੁੱਲ ਚੁਕ ਸੱਭ ਭੁਲਾਵੀਂ
ਹਰ ਨਰਮੀ ਤੇ ਮਾਫ਼ੀ ਵਰਤੀਂ ਜਦ ਸਫ਼ਰੀ ਘਰ ਆਵਣ

*♥*

❄

ਸਾਲਾਂ ਨਹੀਂ ਅਸੀਂ ਸੱਦੀਆਂ ਚੱਲੇ ਪੈਂਡਾ ਫ਼ੇਰ ਵੀ ਮੁਕਿਆ ਨਾ
ਹੋਸ਼ਾਂ ਵੇਚ ਕੇ ਖ਼ਾਬ ਖ਼ਰੀਦੇ, ਪਰ ਮਿੱਤ ਨੇ ਘੁੰਡ ਚੁਕਿਆ ਨਾ

ਉਹਦੇ ਲੱਖਾਂ ਚਾਹਵਣ ਵਾਲੇ, ਹਾਈਂ ਮਾਈਂ ਨਾ ਵਿੱਸਦਾ ਉਹ
ਰਾਗ ਵਫ਼ਾ ਦੇ ਸਾਰੇ ਛੇੜੇ, ਪਰ ਉਹ ਨੇੜੇ ਢੁੱਕਿਆ ਨਾ

ਹਰ ਸ਼ੈ ਅੰਦਰ ਉਹਦੀ ਸੂਰਤ, ਉਹਦੀ ਖ਼ੁੱਸ਼ਬੋ ਹਰ ਪਾਸੇ
ਕੀ ਕੀ ਭੇਸ ਵਟਾਏ ਓਹਨੇ, ਪਰ ਉਹ ਸਾਥੀਂ ਲੁਕਿਆ ਨਾ

ਕੱਲਾ ਬਹਿ ਕੇ ਰੋ ਲੈਨੇ ਆਂ, ਲੋਕਾਂ ਸਾਹਵੇਂ ਹੱਸਨੇ ਆਂ
ਸਾਰੇ ਜਤਨ ਬਹਾਨੇ ਕੀਤੇ, ਅੱਖ 'ਚੋਂ ਪਾਣੀ ਸੁਕਿਆ ਨਾ

ਯਾਰ ਦੀ ਚੌਖਟ ਮੰਜ਼ਿਲ ਸਾਡੀ, ਭਾਂਵੇਂ ਥਾਂ ਥਾਂ ਕੁਤੇ ਨੇਂ
ਭੌਂਕ ਕੇ ਰੱਸਤਾ ਡੱਕਦੇ ਰਹੇ ਨੇਂ, ਪਰ ਇਹ ਕਾਫ਼ਲਾ ਰੁਕਿਆ ਨਾ

ਵੇਲੇ ਨੇ ਉਹ ਚੱਕਰ ਦਿੱਤੇ, ਫਿਰਕੀ ਵਾਂਗੋਂ ਘੁੰਮ ਗਏ ਆਂ
ਸੱਜਣਾਂ ਹੱਸ ਕੇ ਜ਼ਹਿਰ ਪਵਾਇਆ, ਮਰ ਤੇ ਗਏ ਪਰ ਥੁਕਿਆ ਨਾ

ਦਰ ਦਰ ਉੱਤੇ ਮੱਥਾ ਟੇਕਣ, ਫ਼ੈਜ਼ ਲੋੜੀਂਦੇ ਬੇ-ਫ਼ੈਜ਼ੇ
ਉਹਦੇ ਦਰ ਤੇ ਸੀਸ ਨਿਵਾ ਕੇ 'ਸਾਜਿਦ' ਕਿਧਰੇ ਝੁਕਿਆ ਨਾ

ਸ਼ਿਕਾਗੋ
ਅਪ੍ਰੈਲ ੨੦੦੧

ਆਪਣੇ ਹੋਣ ਪਾਰਏ ਰੋਗ
ਜੇਕਰ ਜਾਈਏ ਹੱਸ ਕੇ ਭੋਗ

ਜਰ ਜਾਂਦਾ ਦੇ ਬੰਦਾ ਪੀੜ
ਪਰ ਪਿੱਛਾ ਨਾ ਛੱਡਦੇ ਲੋਗ

ਸ਼ਿੱਕਰੇ ਵੇਖ ਵਟਾ ਕੇ ਭੇਸ
ਚਿੱੜੀਆਂ ਅੱਗੇ ਪਾਂਦੇ ਚੋਗ

ਜਿਹੜਾ ਮੋਇਆ ਸਭ ਨੂੰ ਮਾਰ
ਉਹਦਾ ਕੋਣ ਮਨਾਵੇ ਸੋਗ

ਬੰਦਾ ਵੀ ਹੈਵਾਨਾਂ ਵਾਂਗ
ਲੋਰ ਦੀ ਜੇ ਨਾ ਜੋਵੇ ਜੋਗ

ਹਿਕ ਛਾਕੇ ਦੀ ਜਿਹੜੇ ਮਾਰ
ਮੱਥਾ ਰੰਗ ਕੇ ਮੰਗਦੇ ਯੋਗ

ਰੱਸ ਨੁੱਚੜੇ ਤੇ ਬਣਦੀ ਖੰਡ
ਸੜਦਾ ਗੰਨਾ, ਬਣ ਕੇ ਫੋਗ

'ਸਾਜਿਦ' ਉਹ ਲੱਭ ਲੈਂਦਾ ਰਾਹ
ਮੰਨਿਜ਼ਲ ਜਿਸ ਦਾ ਕਿਬਲਾ ਹੋਗ

✻

ਸਾਰੀ ਉਮਰਾਂ ਮੰਗੀ ਜਿਹੜੀ ਉਸ ਦੁਆ ਦਾ ਕੀ ਬਣਿਆ
ਯੱਕਤਰਫ਼ਾ ਜੋ ਅਸਾਂ ਨਿਭਾਈ, ਉਸ ਵਫ਼ਾ ਦਾ ਕੀ ਬਣਿਆ

ਸੱਭ ਨੂੰ ਝੋਲੀਆਂ ਭਰ ਭਰ ਵੰਡੇ ਪਰ ਪੈਰਾਂ ਵਿਚ ਵੇਖੇ ਨਾ
ਟੁਟ ਗਿਆ ਜਿਸ ਦਾ ਠੂਠਾ ਖ਼ਾਲੀ, ਉਸ ਗਦਾ ਦਾ ਕੀ ਬਣਿਆ

ਰੱਬ ਨੂੰ ਸ਼ਾਹਿਦ ਅਸਾਂ ਬਣਾਇਆ, ਆਪਣੀ ਬੇ-ਤੱਕਸੀਰੀ ਤੇ
ਬਿਨਾਂ ਕਸੂਰੋਂ ਭੁੱਗਤੀ ਜਿਹੜੀ, ਉਸ ਸਜ਼ਾ ਦਾ ਕੀ ਬਣਿਆ

ਖ਼ਾਲੀ ਕੰਧਾਂ ਨੂੰ ਟੱਕਰਾ ਕੇ, ਆਪੇ ਆਪਣੀ ਗੂੰਜ ਬਣੀ
ਕਿਸੇ ਵੀ ਕੰਨ ਤਕ ਜੋ ਨਾ ਪਹੁੰਚੀ, ਉਸ ਸਦਾ ਦਾ ਕੀ ਬਣਿਆ

ਸੂਲੀ ਚੜ੍ਹਿਆ, ਪੱਥਰ ਖਾਧੇ, ਨੇਜ਼ੇ ਤੇ ਵੀ ਮੁਸਕਾਇਆ
ਬਸ਼ਰ ਨੂੰ ਜਿਸ ਨੇ ਕੀਤਾ ਅੱਸ਼ਰਫ਼, ਉਸ ਅਦਾ ਦਾ ਕੀ ਬਣਿਆ

ਕੀਤਾ ਨਾ ਅਬਲੀਸ ਨੇ ਸਿਜਦਾ, ਆਖੇ ਤੈਂ ਬਿਨ ਦੂਜਾ ਨਾ
ਐਨ ਇਬਾਦਤ ਸਮਝੀ ਜਿਹੜੀ, ਉਸ ਖ਼ਤਾ ਦਾ ਕੀ ਬਣਿਆ

ਦਰ ਸੱਜਣਾਂ ਦਾ ਝੋਲੀ ਖ਼ਾਲੀ, ਖੱਵਰੇ ਕਿਤਨੇ ਸਾਲ ਗਏ
ਆਸ ਜਿਹਦੀ ਹੁਣ ਲਾਹ ਬੈਠੇ ਆਂ, ਉਸ ਅਤਾ ਦਾ ਕੀ ਬਣਿਆ

ਕਰਜ਼ ਹਿਯਾਤੀ ਮੋੜਿਆ 'ਸਾਜਿਦ' ਰੱਬ ਦੇ ਨਾਲ ਵਿਹਾਰ ਬਣੇ
ਜਿਸ ਦੀ ਖ਼ਾਤਰ ਜੰਮੇ ਮੋਏ, ਉਸ ਜਜ਼ਾ ਦਾ ਕੀ ਬਣਿਆ


ਸ਼ਿਕਾਗੋ
ਜੂਨ ੨੦੦੩

# ਉਡੀਕ

ਮੈਂ ਤੰਦਾਂ ਕੱਤ ਕੱਤ ਰਹਿ ਗਈ, ਮੈਂ ਕੱਤਾਂ ਬਹੁੰ ਬਰੀਕ
ਤੂੰ ਲੱਗੀਆਂ ਦੀ ਲੱਜ ਪਾਲਣੈਂ, ਨਾ ਲਾਵੀਂ ਸੋਹਣਿਆ ਲੀਕ

ਮੈਂ ਤਾਣਾ ਪੇਟਾ ਵਲ ਰਹੀ, ਮੈਂ ਵਲ ਵਲ ਵਲਦੀ ਰੋਜ਼
ਹੁਣ ਕੱਤਿਆ ਕਰੀਂ ਕਬੂਲ ਤੂੰ, ਇਹ ਹਰ ਦੱਮ ਤਾਂਘ ਉਡੀਕ

# ਰੰਗੌ ਰੰਗੀ



ਸਾਜਿਦ ਚੌਧਰੀ